# ਇੱਕ ਧੰਨ ਅਤੇ ਖੁਸ਼ਹਾਲ ਜੀਵਨ

ਫ੍ਰੈਂਕਲਿਨ ਦੁਆਰਾ ਇੱਕ ਅਧਿਐਨ

ਇਸ ਅਧਿਐਨ ਦਾ ਮਕਸਦ ਹੈ ਕਿ ਅਸੀਂ ਸਮਝੀਏ ਕਿ ਕਿਵੇਂ ਅਸੀਂ ਜੀਵਨ ਨੂੰ ਉਸ ਢੰਗ ਦੇ ਨਾਲ ਜੀਉਣਾ ਹੈ ਜੋ ਸਾਡੇ ਸਵਰਗੀ ਪਿਤਾ ਅਤੇ ਪ੍ਰਭੂ ਯਿਸੂ ਮਸੀਹ ਨੂੰ ਖੁਸ਼ ਕਰੇ, ਜਿਸ ਦੇ ਕਾਰਨ ਸਾਨੂੰ ਬਹੁਤਾਇਤ ਵਿੱਚ ਬਰਕਤਾਂ ਪ੍ਰਾਪਤ ਹੁੰਦੀਆਂ ਹਨ, ਉਸ ਦੀ ਕਿਰਪਾ ਵਿੱਚ ਰਹਿੰਦੇ ਹਾਂ ਅਤੇ ਇੱਕ ਖੁਸ਼ਹਾਲ ਜੀਵਨ ਦਾ ਅਨੰਦ ਮਾਣਦੇ ਹਾਂ।

ਜ਼ਬੂਰ 3:8 ਬਚਾਓ ਯਹੋਵਾਹ ਵੱਲੋਂ ਹੈ, **ਤੇਰੀ ਬਰਕਤ** (ਇੱਕਵਚਨ) ਤੇਰੀ ਪਰਜਾ ਦੇ ਉੱਤੇ ਹੋਵੇ॥ ਸਲਹ॥

- **ਮੁਕਤੀ ਦੀ ਬਰਕਤ** ਸਭ ਤੋਂ ਵੱਡੀ ਬਰਕਤ ਹੈ ਜੋ ਹਰੇਕ ਵਿਸ਼ਵਾਸ ਕਰਨ ਵਾਲੇ ਨੂੰ ਮੁਫ਼ਤ ਦਿੱਤੀ ਗਈ ਹੈ।

  ਰੋਮੀਆਂ 4:6-8 ਜਿਵੇਂ ਦਾਊਦ ਵੀ ਓਸ ਮਨੁੱਖ ਨੂੰ **ਧੰਨ** (ਇੱਕਵਚਨ) ਆਖਦਾ ਹੈ ਜਿਹ ਦੇ ਲਈ ਪਰਮੇਸ਼ੁਰ **ਕਰਨੀਆਂ ਬਾਝੋਂ** ਧਰਮ ਗਿਣ ਲੈਂਦਾ ਹੈ (7) **ਧੰਨ** ਓਹ ਜਿਨ੍ਹਾਂ ਦੇ ਅਪਰਾਧ ਖਿਮਾ ਹੋ ਗਏ, ਅਤੇ ਜਿਨ੍ਹਾਂ ਦੇ ਪਾਪ ਢੱਕੇ ਹੋਏ ਹਨ। (8) **ਧੰਨ** ਹੈ ਉਹ ਪੁਰਖ ਜਿਹ ਦੇ ਲੇਖੇ ਵਿੱਚ ਪ੍ਰਭੂ ਪਾਪ ਨਾ ਗਿਣੇਗਾ।

- ਇਹ ਅਧਿਐਨ ਮੁਕਤੀ ਦੀ ਬਰਕਤ ਦੇ ਬਾਰੇ **ਨਹੀਂ** ਹੈ।

ਇਹ ਅਧਿਐਨ ਉਨ੍ਹਾਂ ਬਰਕਤਾਂ ਦੇ ਬਾਰੇ ਹੈ ਜੋ ਮੁਕਤੀ ਦੀ ਅਸਲ ਅਤੇ ਵੱਡੀ ਬਰਕਤ ਤੋਂ ਪਰੇ ਹਨ - ਕਹਾਉਤਾਂ 10:6 ਧਰਮੀ ਦੇ ਸਿਰ ਨੂੰ **ਅਸੀਸਾਂ** (ਬਹੁ ਵਚਨ) ਮਿਲਦੀਆਂ ਹਨ, ਪਰ ਦੁਸ਼ਟਾਂ ਦੇ ਮੂੰਹ ਨੂੰ ਜ਼ੁਲਮ ਢੱਕ ਲੈਂਦਾ ਹੈ।

ਕਹਾਉਤਾਂ 10:22 ਯਹੋਵਾਹ ਦੀ **ਬਰਕਤ ਧਨੀ** ਬਣਾਉਂਦੀ ਹੈ, ਅਤੇ ਉਸ ਦੇ ਨਾਲ ਉਹ ਸੋਗ ਨਹੀਂ ਮਿਲਾਉਂਦਾ।

  - ਤੁਸੀਂ ਇਨ੍ਹਾਂ ਬਰਕਤਾਂ ਨੂੰ ਪਾਉਣ ਲਈ ਕੀ ਕਰ ਸਕਦ ਹੋ ?

**ਉੱਤਰ:**

ਕਹਾਉਤਾਂ 16:7 ਜਦ ਕਿਸੇ ਦੀ ਚਾਲ (ਜੋ ਉਹ ਕਰਦਾ ਹੈ ਅਤੇ ਜਿਸ ਢੰਗ ਨਾਲ ਉਹ ਆਪਣਾ ਜੀਵਨ ਗੁਜ਼ਾਰਦਾ ਹੈ) **ਯਹੋਵਾਹ ਨੂੰ ਭਾਉਂਦੀ ਹੈ**, ਤਾਂ ਉਹ ਉਸ ਦੇ ਵੈਰੀਆਂ ਦਾ ਵੀ ਉਸ ਨਾਲ ਮੇਲ ਕਰਾਉਂਦਾ ਹੈ।

- ਉਹ ਉਸ ਦੇ ਵੈਰੀਆਂ ਦਾ ਵੀ ਉਸ ਨਾਲ ਮੇਲ ਕਰਾਉਂਦਾ ਹੈ। ਪਰਮੇਸ਼ੁਰ ਹਰੇਕ ਦੇ ਅੱਗੇ ਉਸ ਉੱਤੇ ਕਿਰਪਾ ਕਰਦਾ ਹੈ। ਲੱਗਭਗ ਹਰੇਕ ਉਸ ਦੇ ਨਾਲ ਭਲਾ ਰਹਿੰਦਾ ਹੈ।

- "ਪੰਤੇਕੁਸਤ ਦੇ ਦਿਨ" ਤੋਂ ਬਾਅਦ ਪਹਿਲੀ ਕਲੀਸਿਯਾ . . . ਓਹ ਖੁਸ਼ੀ ਅਤੇ ਸਿੱਧੇ ਮਨ ਨਾਲ ਭੋਜਨ ਛੱਕਦੇ ਸਨ। 47 ਅਤੇ ਪਰਮੇਸ਼ੁਰ ਦੀ ਉਸਤਤ ਕਰਦੇ ਸਨ ਅਰ **ਸਾਰਿਆਂ ਲੋਕਾਂ ਨੂੰ ਪਿਆਰੇ ਸਨ** ਅਤੇ ਪ੍ਰਭੂ ਦਿਨੋ ਦਿਨ ਓਹਨਾਂ ਨੂੰ ਜਿਹੜੇ ਬਚਾਏ ਜਾਂਦੇ ਸਨ ਉਨ੍ਹਾਂ ਵਿੱਚ ਰਲਾਉਂਦਾ ਸੀ। ਰਸੂਲਾਂ ਦੇ ਕਰਤੱਬ 2:46-47

- ਪਰ ਮਨੁੱਖਾਂ ਨੂੰ ਖੁਸ਼ ਕਰਨ ਦੇ ਪਿੱਛੇ ਨਹੀਂ ਹਾਂ। ਕੀ ਮੈਂ ਹੁਣ **ਮਨੁੱਖਾਂ ਨੂੰ ਮਨਾਉਂਦਾ ਹਾਂ ਯਾ ਪਰਮੇਸ਼ੁਰ ਨੂੰ?** ਅਥਵਾ ਕੀ ਮੈਂ ਮਨੁੱਖਾਂ ਨੂੰ ਰਿਝਾਇਆ ਚਾਹੁੰਦਾ ਹਾਂ? **ਜੇ** ਮੈਂ ਅਜੇ ਤੋੜੀ ਮਨੁੱਖਾਂ ਨੂੰ ਰਿਝਾਉਂਦਾ ਰਹਿੰਦਾ ਤਾਂ **ਮੈਂ ਮਸੀਹ ਦਾ ਦਾਸ ਨਾ ਹੁੰਦਾ।** ਗਲਾਤੀਆਂ 1:10

**ਧੰਨ** ਅਤੇ **ਖੁਸ਼ਹਾਲ** ਜੀਵਨ ਜੀਉਣ ਲਈ **ਮੁੱਖ ਕੁੰਜੀ** ਹਰੇਕ ਚੀਜ਼ ਤੋਂ ਵਧਕੇ ਇਸ ਦੀ ਇੱਛਾ ਕਰਨਾ ਹੈ:
ਪ੍ਰਭੂ ਯਿਸੂ ਮਸੀਹ ਨੂੰ **ਪ੍ਰਸੰਨ ਕਰੀਏ।**

- ਲੂਕਾ 16:13 **ਕੋਈ ਟਹਿਲੂਆ** (ਯੂਨਾਨੀ: ਘਰੇਲੂ ਦਾਸ) **ਦੋ ਮਾਲਕਾਂ ਦੀ ਟਹਿਲ ਨਹੀਂ ਕਰ ਸੱਕਦਾ** ਕਿਉਂ ਜੋ ਉਹ ਇੱਕ ਨਾਲ ਵੈਰ ਅਤੇ ਦੂਏ ਨਾਲ ਪ੍ਰੀਤ ਰੱਖੇਗਾ, ਯਾ ਇੱਕ ਨਾਲ ਮਿਲਿਆ ਰਹੇਗਾ ਅਤੇ ਦੂਏ ਨੂੰ ਤੁੱਛ ਜਾਣੇਗਾ। ਤੁਸੀਂ ਪਰਮੇਸ਼ੁਰ ਅਤੇ ਮਾਯਾ ਦੋਹਾਂ ਦੀ ਸੇਵਾ ਨਹੀਂ ਕਰ ਸੱਕਦੇ ਹੋ।

- ਘਰੇਲੂ ਸੇਵਕ ਜਾਂ ਗੁਲਾਮ? ਕੂਚ 21:2-6

- ਹੇ ਮਰਿਯਮ . . . ਤੇਰੇ ਉੱਤੇ ਪਰਮੇਸ਼ੁਰ ਦੀ **ਕਿਰਪਾ** ਹੋਈ। ਲੂਕਾ 1:30

- ਦਾਊਦ ਨੂੰ ਆਪਣੇ **ਮਨ ਭਾਉਂਦਾ** ਇੱਕ ਮਨੁੱਖ ਲੱਭਿਆ ਰਸੂਲਾਂ ਦੇ ਕਰਤੱਬ 7:46; 13:22

- ਅਤੇ **ਯਿਸੂ ਗਿਆਨ** ਅਰ **ਕੱਦ** ਅਰ **ਪਰਮੇਸ਼ੁਰ ਅਤੇ ਮਨੁੱਖਾਂ** ਦੀ **ਕਿਰਪਾ** ਵਿੱਚ ਵਧਦਾ ਗਿਆ। ਲੂਕਾ 2:52
ਸਾਨੂੰ ਵੀ ਇਹੋ ਕਰਨਾ ਚਾਹੀਦਾ ਹੈ।

- ਇਹ ਚੰਗਾ ਹੋਵੇਗਾ ਜੇਕਰ ਅਸੀਂ ਸਾਰੇ ਉਹ ਆਖ ਸਕੀਏ ਜੋ ਯਿਸੂ ਨੇ ਕਿਹਾ:
ਅਰ ਜਿਨ੍ਹ ਮੈਨੂੰ ਘੱਲਿਆ ਉਹ ਮੇਰੇ **ਸੰਗ** ਹੈ। ਉਸ ਨੇ ਮੈਨੂੰ ਇਕੱਲਾ ਨਹੀਂ ਛੱਡਿਆ ਕਿਉਂ ਜੋ **ਮੈਂ ਸਦਾ ਓਹ ਕੰਮ ਕਰਦਾ ਹਾਂ ਜਿਹੜੇ ਉਸ ਨੂੰ ਭਾਉਂਦੇ ਹਨ।** ਯੂਹੰਨਾ 8:29

- ਪਰਮੇਸ਼ੁਰ ਹਰੇਕ ਸੱਚੇ ਵਿਸ਼ਵਾਸੀ ਦੇ **ਸੰਗ** ਹੈ: ਉਹ ਨੇ ਆਪ ਆਖਿਆ ਹੈ ਭਈ ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ (ਇਬਰਾਨੀਆਂ 13:5)। ਪਰ, ਜੇਕਰ ਤੁਸੀਂ ਆਪਣੇ ਜੀਵਨ ਨੂੰ ਉਸ ਢੰਗ ਨਾਲ ਜੀਉਣ ਦਾ ਫੈਸਲਾ ਕਰਦੇ ਹੋ ਜੋ **ਉਸ ਨੂੰ ਪ੍ਰਸੰਨ ਨਹੀਂ ਕਰਦਾ**, ਤਾਂ ਤੁਸੀਂ ਉਸ ਦੀਆਂ ਬਹੁਤੀਆਂ ਬਰਕਤਾਂ ਨੂੰ ਨਹੀਂ ਪਾਵੋਗੇ ਅਤੇ ਉਨ੍ਹਾਂ ਦਾ ਅਨੰਦ ਨਹੀਂ ਮਾਣੋਗੇ।

- **ਉਹ ਜਿਹੜੇ "ਪਰਮੇਸ਼ੁਰ ਨੂੰ ਪ੍ਰਸੰਨ" ਕਰਨ ਵਾਲਾ ਜੀਵਨ ਗੁਜ਼ਾਰਦੇ ਹਨ** ਉਨ੍ਹਾਂ ਲਈ **ਉਸ ਦੀ ਹਜ਼ੂਰੀ ਉਸ ਦੀ ਕਿਰਪਾ** ਅਤੇ **ਬਰਕਤਾਂ** ਦੇ ਦੁਆਰਾ ਪਰਗਟ ਹੁੰਦੀ ਹੈ।

## ਪਰਮੇਸ਼ੁਰ ਨੂੰ ਪਿਆਰ ਕਰਨਾ ਅਤੇ ਖੋਜਣਾ ਉਸ ਨੂੰ ਬਹੁਤ ਪ੍ਰਸੰਨ ਕਰਦਾ ਹੈ

- ਇਬਰਾਨੀਆਂ 11:6 ਅਤੇ **ਨਿਹਚਾ** ਬਾਝੋਂ ਉਹ ਦੇ **ਮਨ ਨੂੰ ਭਾਉਣਾ** ਅਣਹੋਣਾ ਹੈ ਕਿਉਂਕਿ ਜਿਹੜਾ ਪਰਮੇਸ਼ੁਰ ਦੀ ਵੱਲ ਆਉਂਦਾ ਹੈ ਉਹ ਨੂੰ ਪਰਤੀਤ ਕਰਨੀ ਚਾਹੀਦੀ ਹੈ ਭਈ ਉਹ ਹੈ, ਨਾਲੇ ਇਹ ਭਈ ਉਹ ਆਪਣਿਆਂ **ਤਾਲਿਬਾਂ ਦਾ ਫਲ-ਦਾਤਾ ਹੈ।**

- ਜ਼ਬੂਰ 34:10 **ਯਹੋਵਾਹ ਦੇ ਤਾਲਿਬਾਂ** ਨੂੰ **ਕਿਸੇ ਚੰਗੀ ਵਸਤ** ਦੀ ਥੁੜ ਨਹੀਂ ਹੋਵੇਗੀ।

- ਪਰਮੇਸ਼ੁਰ ਦੇ ਨਾਲ ਇੱਕ ਹਮੇਸ਼ਾ ਵਧਦੇ **ਸਬੰਧ** ਨੂੰ ਵੇਖਣ ਲਈ ਸਦਾ **ਪ੍ਰਾਰਥਨਾ** ਵਿੱਚ ਵਧਣ ਵਾਲੇ ਜੀਵਨ ਦੀ ਜ਼ਰੂਰਤ ਹੈ। ਮੱਤੀ 6:6 **ਪ੍ਰਾਰਥਨਾ ਕਰੇਂ . . . ਤੈਨੂੰ ਫਲ ਦੇਵੇਗਾ।**

- ਮੱਤੀ 6:33 ਪਰ **ਤੁਸੀਂ ਪਹਿਲਾਂ ਉਹ ਦੇ ਰਾਜ** ਅਤੇ **ਉਹ ਦੇ ਧਰਮ ਨੂੰ ਭਾਲੋ** ਤਾਂ **ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ।**

    - "ਚੀਜ਼ਾਂ" ਜਾ "ਮੁਹੱਈਆਂ ਕਰਾਈਆਂ ਬਰਕਤਾਂ" ਭੋਜਨ, ਕੱਪੜਾ ਅਤੇ ਮਕਾਨ ਹਨ।

    - **ਪਹਿਲਾਂ ਉਸ ਦੇ ਰਾਜ ਨੂੰ ਭਾਲਣ** ਲਈ ਯਿਸੂ ਤੁਹਾਡੇ ਜੀਵਨ ਦੀ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ ਅਤੇ ਤੁਹਾਨੂੰ ਉਸ ਦੀ ਆਪਣੇ ਰਾਜਾ ਦੇ ਰੂਪ ਵਿੱਚ ਆਗਿਆਕਾਰੀ ਕਰਨ ਅਤੇ ਸੇਵਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

    - **ਪਹਿਲਾਂ ਉਸ ਦੇ ਧਰਮ ਨੂੰ ਭਾਲਣਾ** ਇਹ ਜਾਣਨਾ ਹੈ ਕਿ ਤੁਸੀਂ ਧਰਮੀ ਨਹੀਂ ਹੋ ਅਤੇ ਤੁਸੀਂ ਆਪਣੇ ਆਪ ਕਦੇ ਵੀ ਧਰਮੀ ਨਹੀਂ ਬਣੋਗੇ ਸਗੋਂ ਪੂਰੀ ਤਰ੍ਹਾਂ ਨਾਲ ਬੁਰੇ ਬਣੋਗੇ ਅਤੇ ਤੁਹਾਨੂੰ ਉਸ ਦੀ ਧਾਰਮਿਕਤਾ ਦੀ ਲੋੜ ਹੈ।

ਰੋਮੀਆਂ 3:22-24 ਅਰਥਾਤ ਪਰਮੇਸ਼ੁਰ ਦਾ ਉਹ ਧਰਮ ਜਿਹੜਾ ਯਿਸੂ ਮਸੀਹ ਉੱਤੇ ਨਿਹਚਾ ਕਰਨ ਤੋਂ ਪਾਈਦਾ ਹੈ . . . [24]
ਸੋ ਉਹ ਦੀ ਕਿਰਪਾ ਨਾਲ ਉਸ ਨਿਸਤਾਰੇ ਦੇ ਕਾਰਨ ਜੋ ਮਸੀਹ ਯਿਸੂ ਤੋਂ ਹੁੰਦਾ ਹੈ ਓਹ ਮੁਫ਼ਤ ਧਰਮੀ (ਧਰਮੀ ਬਣਾਇਆ ਗਿਆ) ਗਿਣੇ ਜਾਂਦੇ ਹਨ।

- ਕਹਾਉਤਾਂ 8:17-21 **ਜਿਹੜੇ ਮੇਰੇ ਨਾਲ ਪ੍ਰੀਤ ਲਾਉਂਦੇ ਹਨ** ਉਨ੍ਹਾਂ ਨਾਲ ਮੈਂ ਵੀ ਪ੍ਰੀਤ ਲਾਉਂਦੀ ਹਾਂ, ਅਤੇ ਜਿਹੜੇ **ਮਨੋਂ ਲਾ ਕੇ ਮੈਨੂੰ ਭਾਲਦੇ ਹਨ** ਓਹ ਮੈਨੂੰ ਲੱਭ ਲੈਣਗੇ। (18) **ਧਨ** ਅਤੇ **ਆਦਰ** ਮੇਰੇ ਹੱਥ ਵਿੱਚ ਹਨ, ਸਗੋਂ ਸਦੀਪਕ **ਧਨ** ਤੇ **ਧਰਮ** ਵੀ। (19) ਮੇਰਾ ਫ਼ਲ ਸੋਨੇ ਸਗੋਂ ਚੋਖੇ ਸੋਨੇ ਨਾਲੋਂ ਚੰਗਾ ਹੈ, ਅਤੇ ਮੇਰੀ ਪ੍ਰਾਪਤੀ ਉੱਤਮ ਚਾਂਦੀ ਨਾਲੋਂ। (20) **ਮੈਂ ਧਰਮ** ਦੇ ਮਾਰਗ ਵਿੱਚ, ਅਤੇ **ਨਿਆਉਂ** ਦੇ ਪਹਿਆਂ ਦੇ ਵਿਚਕਾਰ **ਤੁਰਦੀ ਹਾਂ**, (21) ਤਾਂ ਜੋ **ਆਪਣੇ ਪ੍ਰੇਮੀਆਂ** ਨੂੰ **ਧਨ** ਦੇ **ਵਾਰਸ ਬਣਾਵਾਂ**, ਅਤੇ **ਉਨ੍ਹਾਂ ਦੇ ਖ਼ਜ਼ਾਨੇ ਭਰ ਦਿਆਂ।**

    - ਪੂਰੇ ਮਨ ਨਾਲ ਉਸ ਨੂੰ ਭਾਲਣ ਲਈ ਤੁਹਾਨੂੰ **ਉਸ ਰਾਹ ਉੱਤੇ ਚੱਲਣਾ ਚਾਹੀਦਾ ਹੈ ਜਿਸ ਰਾਹ ਉੱਤੇ ਉਹ ਚੱਲਦਾ ਹੈ।** ਧੰਨ, ਆਦਰ ਅਤੇ ਦੌਲਤ ਉਸ ਦੇ ਕੋਲ ਹਨ। **ਉਸ ਨੂੰ ਭਾਲੋ! ਉਸ ਦੇ ਨਾਲ ਚੱਲੋ!** **ਧਰਮ** ਦੇ ਮਾਰਗਾਂ ਵਿੱਚ, **ਨਿਆਉਂ** ਦੇ ਪਹਿਆਂ ਵਿੱਚ

**ਅਫਸੀਆਂ 5:8** ਕਿਉਂ ਜੋ ਤੁਸੀਂ ਅੱਗੇ ਅਨ੍ਹੇਰਾ ਸਾਓ ਪਰ **ਹੁਣ** ਪ੍ਰਭੂ ਵਿੱਚ ਹੋ ਕੇ **ਚਾਨਣ ਹੋ**, ਤੁਸੀਂ **ਚਾਨਣ ਦੇ ਪੁਤਰਾਂ ਵਾਙੁ ਚੱਲੋ**।

- ਯੂਹੰਨਾ 8:12 ਯਿਸੂ ਨੇ ਕਿਹਾ, ਜਗਤ ਦਾ ਚਾਨਣ **ਮੈਂ ਹਾਂ।** ਜਿਹੜਾ **ਮੇਰੇ ਪਿੱਛੇ ਤੁਰਦਾ ਹੈ** ਅਨ੍ਹੇਰੇ ਵਿੱਚ ਕਦੇ **ਨਾ ਚੱਲੇਗਾ** ਸਗੋਂ ਉਹ ਦੇ ਕੋਲ **ਜੀਉਣ ਦਾ ਚਾਨਣ** ਹੋਵੇਗਾ।

  (ਯੂਹੰਨਾ 1:4-5)
- ਇੱਕ ਵਿਸ਼ਵਾਸੀ ਹੋਣ ਦੇ ਕਾਰਨ **ਤੁਸੀਂ ਸੰਸਾਰ ਦੇ ਰਾਹਾਂ ਉੱਤੇ ਨਹੀਂ ਚੱਲਣਾ** ਹੈ। ਤੁਸੀਂ "ਚਾਨਣ ਦੇ ਪੁੱਤਰ" ਹੋ (ਯੂਹੰਨਾ 12:36) ਅਤੇ ਤੁਹਾਨੂੰ ਆਪਣੇ ਜੀਵਨ ਨੂੰ ਇਸ ਸੰਸਾਰ ਦੇ ਅੰਧਕਾਰ ਵਿੱਚ ਅਤੇ ਇਸ ਦੇ ਰਾਹਾਂ ਵਿੱਚ ਚਾਨਣ ਲਿਆਉਣ ਲਈ ਜੀਉਣਾ ਹੈ। **ਇਹ ਪਰਮੇਸ਼ੁਰ ਨੂੰ ਭਾਉਂਦਾ ਹੈ।** *2 ਕੁਰਿੰਥੀਆਂ 6:14-18 *1ਯੂਹੰਨਾ 2:15-17

(9) ਚਾਨਣ ਦਾ **ਫਲ** ਹਰ ਭਾਂਤ ਦੀ **ਭਲਿਆਈ** ਅਤੇ **ਧਰਮ** ਅਤੇ **ਸਚਿਆਈ** ਵਿੱਚ ਹੈ (10) **ਅਤੇ ਪਰਤਾ ਕੇ ਵੇਖੋ ਜੋ ਪਰਮੇਸ਼ੁਰ ਨੂੰ ਕੀ ਭਾਉਂਦਾ ਹੈ।**

- ਜੇਕਰ ਤੁਸੀਂ ਚਾਨਣ ਦੇ ਵਿੱਚ ਚੱਲਦੇ ਹੋ ਤਾਂ ਜੋ ਸਭ ਤੁਸੀਂ ਕਰਦੇ ਹੋ ਉਹ "ਚੰਗਾ", "ਸਹੀ", ਅਤੇ "ਇਮਾਨਦਾਰੀ ਨਾਲ ਕੀਤਾ ਹੋਇਆ" ਹੋਵੇਗਾ।

- ਤੁਸੀਂ ਉਸ ਰਾਹ ਦੇ ਉੱਤੇ ਚੱਲੋਗੇ ਜੋ "ਪਰਮੇਸ਼ੁਰ ਨੂੰ **ਭਾਉਂਦਾ**" ਹੈ ਅਤੇ ਤੁਸੀਂ ਆਪਣੇ ਆਪ ਨੂੰ ਪਰਮੇਸ਼ੁਰ ਦੀ **ਕਿਰਪਾ** ਅਤੇ **ਬਰਕਤਾਂ** ਦੇ ਵਿੱਚ ਰੱਖੋਗੇ।

(11) **ਅਤੇ ਅਨ੍ਹੇਰੇ ਦੇ ਅਫੱਲ ਕਾਰਜਾਂ ਵਿੱਚ ਸਾਂਝੀ** ਨਾ ਹੋਵੋ **ਪਰ ਉਨ੍ਹਾਂ ਨੂੰ ਨੰਗਿਆ ਕਰੋ।**

- ਉਨ੍ਹਾਂ ਨੂੰ ਉਨ੍ਹਾਂ ਦੇ ਵਰਗੇ ਕੰਮ **ਨਾ ਕਰਨ** ਦੇ ਦੁਆਰਾ ਨੰਗਿਆਂ ਕਰੋ, ਪਰ **ਕੇਵਲ ਉਹ ਕਰਨ** ਦੇ ਦੁਆਰਾ ਜੋ ਸਾਡੇ ਪ੍ਰਭੂ ਯਿਸੂ ਮਸੀਹ ਨੂੰ **ਭਾਉਂਦਾ ਹੈ**। ਮੱਤੀ 5:14-16 ਛਪ. ਯੂਹੰਨਾ 1:5

(12) ਕਿਉਂਕਿ ਜਿਹੜੇ ਕੰਮ ਗੁਪਤ ਵਿੱਚ ਓਹਨਾਂ ਤੋਂ ਹੁੰਦੇ ਹਨ, ਉਨ੍ਹਾਂ ਦੀ **ਗੱਲ** ਕੀਤਿਆਂ ਵੀ ਸ਼ਰਮ ਆਉਂਦੀ ਹੈ। (13) **ਪਰ ਸਾਰੀਆਂ ਗੱਲਾਂ ਜਾਂ ਉਨ੍ਹਾਂ ਨੂੰ ਨੰਗਿਆਂ ਕਰ ਸੁੱਟੀਦਾ ਹੈ** ਤਾਂ **ਚਾਨਣ ਤੋਂ ਪਰਗਟ ਹੋ ਜਾਂਦੀਆਂ ਹਨ** ਕਿਉਂ ਜੋ ਹਰੇਕ ਗੱਲ ਜੋ ਪਰਗਟ ਹੁੰਦੀ ਹੈ ਸੋ ਚਾਨਣ ਹੈ।

- ਮੈਂ ਤੁਹਾਨੂੰ ਸਲਾਹ ਦਿੰਦਾ ਹਾਂ ਕਿ ਇਸ ਆਇਤ ਨੂੰ **ਹਮੇਸ਼ਾ** ਯਾਦ ਰੱਖੋ:

  **ਗਿਣਤੀ 32:23** . . . **ਜਾਣੋ ਤੁਹਾਡਾ ਪਾਪ ਤੁਹਾਡੇ ਉੱਤੇ ਆ ਪਵੇਗਾ।**

(14) ਇਸ ਲਈ ਉਹ ਆਖਿਆ ਜਾਂਦਾ ਹੈ-ਹੇ ਸੋਣ ਵਾਲਿਆ, ਜਾਗ ਅਤੇ ਮੁਰਦਿਆਂ ਵਿੱਚੋਂ ਜੀ ਉੱਠ! ਤਾਂ ਮਸੀਹ ਤੇਰੇ ਉੱਤੇ **ਚਮਕੇਗਾ**।

- "**ਜਾਗ**" ਜੀਵਨ ਦੇ ਮਰੇ ਹੋਏ ਰਾਹ ਤੋਂ ਉੱਠ ਅਤੇ ਪਰਮੇਸ਼ੁਰ ਦੀ **ਕਿਰਪਾ ਅਤੇ ਬਰਕਤਾਂ** "ਤੇਰੇ ਉੱਤੇ ਚਮਕਣਗੀਆਂ।"

ਕਹਾਉਤਾਂ 4:18 ਪਰ ਧਰਮੀਆਂ ਦਾ ਰਾਹ ਫ਼ਜਰ ਦੇ ਚਾਨਣ ਵਰਗਾ ਹੈ, ਜਿਹ ਦਾ **ਚਾਨਣ** ਪੂਰੇ ਦਿਨ ਤਾਈਂ **ਵੱਧਦਾ ਜਾਂਦਾ ਹੈ।**

ਅਤੇ ਇਸ ਦੇ ਵਿਰੋਧ ਵਿੱਚ – ਪਾਪੀਆਂ ਦਾ ਰਾਹ ਰਾਤ ਦੇ ਹਨੇਰੇ ਵਰਗਾ ਹੈ ਜੋ ਵੱਧਦਾ ਜਾਂਦਾ ਹੈ।

(15) **ਸੋ ਚੌਕਸੀ ਨਾਲ ਵੇਖੋ ਭਈ ਤੁਸੀਂ ਕਿੱਕੁਰ ਚੱਲਦੇ ਹੋ**, ਨਿਰਬੁੱਧਾਂ ਵਾਂਙੁ ਨਹੀਂ ਸਗੋਂ **ਬੁੱਧਵਾਨਾ ਵਾਂਙੁ।** (16) ਆਪਣੇ ਲਈ ਸਮੇਂ ਨੂੰ ਲਾਭਦਾਇਕ ਕਰੋ ਇਸ ਲਈ ਜੋ **ਦਿਨ ਬੁਰੇ ਹਨ।** (17) **ਇਸ ਕਾਰਨ ਤੁਸੀਂ ਮੂਰਖ ਨਾ ਹੋਵੋ ਸਗੋਂ ਸਮਝੋ** ਭਈ **ਪ੍ਰਭੂ ਦੀ ਕੀ ਇੱਛਿਆ ਹੈ**।

- "ਪ੍ਰਭੂ ਦੀ ਇੱਛਿਆ" ਲੁਕੀ ਹੋਈ ਨਹੀਂ ਹੈ। ਇਹ ਬਾਈਬਲ ਵਿੱਚ ਹਰੇਕ ਭਾਸ਼ਾ ਵਿੱਚ ਸਪੱਸ਼ਟ ਰੂਪ ਨਾਲ ਛਾਪੀ ਗਈ ਹੈ, ਤਾਂ ਕਿ **ਹਰੇਕ ਜੋ ਪ੍ਰਭੂ ਦੀ ਇੱਛਿਆ ਨੂੰ ਜਾਣਨਾ ਚਾਹੁੰਦਾ ਹੈ** ਉਹ ਅਸਾਨੀ ਨਾਲ ਜਾਣ ਸਕੇ। ਫਿਲਿੱਪੀਆਂ 2:13

- ਮੂਸਾ ਨੂੰ "ਪ੍ਰਭੂ ਦੀ ਇੱਛਿਆ ਨੂੰ ਜਾਣਨ ਲਈ" ਬਹੁਤ ਇੱਛਾ ਸੀ ਅਤੇ ਉਸ ਨੇ ਪੁਕਾਰਿਆ: ਸੋ ਜੇ ਤੇਰੀ **ਕਿਰਪਾ** ਦੀ ਨਿਗਾਹ ਮੇਰੇ ਉੱਤੇ ਹੈ ਤਾਂ **ਮੈਨੂੰ ਆਪਣਾ ਰਾਹ ਦੱਸ** ਕਿ **ਮੈਂ ਤੈਨੂੰ ਜਾਣਾਂ**। ਕੂਚ 33:13

ਬਚਨ ਦਾ ਅਧਿਐਨ ਕਰਦੇ ਹੋਏ ਤੁਸੀਂ ਕੇਵਲ **ਪ੍ਰਭੂ ਦੀ ਇੱਛਿਆ** ਅਤੇ ਉਸ ਦੇ ਰਾਹਾਂ ਦੀ ਖੋਜ ਨਹੀਂ ਕਰੋਗੇ ਅਤੇ **ਉਸ ਦੀ ਕਿਰਪਾ** ਨੂੰ ਹੀ ਨਹੀਂ ਪਾਵੋਗੇ, ਪਰ ਉਹ ਤੁਹਾਨੂੰ **ਆਪਣਾ ਹਮੇਸ਼ਾ ਵਧਣ ਵਾਲਾ ਪ੍ਰਕਾਸ਼ਣ** ਅਤੇ **ਆਪਣੀ ਮਹਿਮਾ ਵੀ ਦੇਵੇਗਾ**।

ਕੂਚ 33:18 ਤਾਂ ਉਸ ਆਖਿਆ, **ਮੈਨੂੰ ਆਪਣਾ ਤੇਜ ਵਿਖਾਈਂ।** [19] ਤਾਂ ਉਸ ਆਖਿਆ, ਮੈਂ ਆਪਣੀ ਸਾਰੀ **ਭਲਿਆਈ** ਤੇਰੇ ਅੱਗੋਂ ਦੀ ਲੰਘਾਵਾਂਗਾ ਅਰ ਤੇਰੇ ਅੱਗੇ **ਯਹੋਵਾਹ ਦੇ ਨਾਉਂ ਦਾ ਪਰਚਾਰ ਕਰਾਂਗਾ**।

ਉਸ ਦੀ ਦ੍ਰਿੜ ਆਸ ਦੇ ਕਾਰਨ, ਪਰਮੇਸ਼ੁਰ ਨੇ ਆਪਣੀ ਮਹਿਮਾ ਮੂਸਾ ਉੱਤੇ ਪਰਗਟ ਕੀਤੀ।
➢ ਅਤੇ ਉਹ ਤੁਹਾਡੇ ਲਈ ਵੀ ਇਹੋ ਕਰੇਗਾ। 2 ਕੁਰਿੰਥੀਆਂ 3:18

ਗਿਣਤੀ 14:20-21 ਯਹੋਵਾਹ ਦੇ ਪਰਤਾਪ ਨਾਲ ਸਾਰੀ ਪ੍ਰਿਥਵੀ ਭਰਪੂਰ ਹੋਵੇਗੀ।

"ਸਾਰੀ ਧਰਤੀ ਉਸ ਦੀ ਮਹਿਮਾ ਨਾਲ ਭਰੀ ਹੋਈ ਹੈ। ਅਤੇ ਹਰੇਕ ਆਮ ਝਾੜੀ ਪਰਮੇਸ਼ੁਰ ਦੇ ਨਾਲ ਬਲ਼ਦੀ ਹੈ। ਪਰ ਜਿਨ੍ਹਾਂ ਕੋਲ ਵੇਖਣ ਲਈ ਅੱਖਾਂ ਹਨ, ਕੇਵਲ ਓਹੋ ਹੀ ਆਪਣੀ ਜੁੱਤੀ ਲਾਹੁੰਦੇ ਹਨ। ਅਤੇ ਬਾਕੀ ਆਲੇ ਦੁਆਲੇ ਬੈਠ ਕੇ ਜਾਮਣਾਂ ਖਾਂਦੇ ਹਨ"। ਏਲੀਜ਼ਾਬੇਥ ਬੈਰੇਟ ਬ੍ਰੋਨਿੰਗ

## ਉਸ ਦੇ ਬਚਨ ਨੂੰ ਜਾਣਨਾ ਅਤੇ ਉਸ ਦੀ ਆਗਿਆਕਾਰੀ ਕਰਨਾ ਪਰਮੇਸ਼ੁਰ ਨੂੰ ਪ੍ਰਸੰਨ ਕਰਦਾ ਹੈ

- ਜ਼ਬੂਰ 1:1-3 **ਧੰਨ** ਹੈ ਉਹ ਮਨੁੱਖ ਜਿਹੜਾ ਦੁਸ਼ਟਾਂ ਦੀ ਮੱਤ ਉੱਤੇ ਨਹੀਂ ਚੱਲਦਾ, ਨਾ ਪਾਪੀਆਂ ਦੇ ਰਾਹ ਵਿੱਚ ਖੜਾ ਰਹਿੰਦਾ, ਅਤੇ ਨਾ ਮਖ਼ੌਲੀਆਂ ਦੀ ਜੁੰਡੀ ਵਿੱਚ ਬਹਿੰਦਾ ਹੈ। (2) ਪਰ **ਉਹ ਯਹੋਵਾਹ ਦੀ ਬਿਵਸਥਾ ਵਿੱਚ**

**ਮਗਨ ਰਹਿੰਦਾ**, ਅਤੇ ਦਿਨ ਰਾਤ ਉਸ ਦੀ ਬਿਵਸਥਾ ਉੱਤੇ **ਧਿਆਨ ਕਰਦਾ** ਹੈ। (3) **ਉਹ ਤਾਂ** ਉਸ ਬਿਰਛ ਵਰਗਾ ਹੋਵੇਗਾ, ਜੋ ਪਾਣੀ ਦੀਆਂ ਨਦੀਆਂ ਉੱਤੇ **ਲਾਇਆ ਹੋਇਆ ਹੈ,** ਜਿਹੜਾ ਰੁਤ ਸਿਰ **ਆਪਣਾ ਫਲ ਦਿੰਦਾ** ਹੈ, ਜਿਹ ਦੇ ਪੱਤੇ **ਨਹੀਂ ਕੁਮਲਾਉਂਦੇ**, ਅਤੇ **ਜੋ ਕੁਝ ਉਹ ਕਰੇ ਸੋ ਸਫ਼ਲ ਹੁੰਦਾ ਹੈ।**

- ਕਹਾਉਤਾਂ 3:1-4 ਹੇ ਮੇਰੇ ਪੁੱਤਰ, **ਤੂੰ ਮੇਰੀ ਤਾਲੀਮ ਨੂੰ ਨਾ ਭੁੱਲ**, ਸਗੋਂ **ਆਪਣੇ ਚਿੱਤ ਨਾਲ ਮੇਰੇ ਹੁਕਮਾਂ ਨੂੰ ਮੰਨ**, (2) ਕਿਉਂ ਜੋ ਓਹ ਉਮਰ ਦੀ ਲੰਬਾਈ, **ਜੀਉਣ ਦੇ ਵਰ੍ਹੇ**, ਅਤੇ **ਸ਼ਾਂਤੀ ਤੇਰੇ ਲਈ ਵਧਾਉਣਗੇ।** (3) **ਦਯਾ** ਅਤੇ **ਸਚਿਆਈ** ਤੈਨੂੰ **ਨਾ** ਛੱਡਣ, **ਓਹਨਾਂ ਨੂੰ** ਆਪਣੇ ਗਲ ਦੇ ਦੁਆਲੇ **ਬੰਨ੍ਹ ਲੈ, ਓਹਨਾਂ ਨੂੰ** ਆਪਣੇ ਮਨ ਦੀ ਤਖ਼ਤੀ ਉੱਤੇ **ਲਿਖ ਲੈ,** (4) ਤਾਂ ਤੂੰ ਪਰਮੇਸ਼ੁਰ ਅਤੇ ਆਦਮੀ ਦੀਆਂ ਨਜ਼ਰਾਂ ਵਿੱਚ **ਕਿਰਪਾ** ਅਤੇ **ਨੇਕ ਨਾਮੀ** ਪਾਏਂਗਾ।

- ਕਹਾਉਤਾਂ 4:20-23 ਹੇ ਮੇਰੇ ਪੁੱਤਰ, **ਤੂੰ ਮੇਰੀਆਂ ਗੱਲਾਂ ਧਿਆਨ ਨਾਲ ਸੁਣ**, ਅਤੇ **ਮੇਰੇ ਵਾਕਾਂ** (ਗੱਲਾਂ ਨਹੀਂ) ਉੱਤੇ ਕੰਨ ਲਾ। (21) **ਓਹਨਾਂ ਨੂੰ** ਆਪਣੀਆਂ ਅੱਖੀਆਂ ਤੋਂ **ਪਰੋਖੇ ਨਾ ਹੋਣ ਦੇਹ, ਆਪਣੇ ਮਨ ਵਿੱਚ ਓਹਨਾਂ ਨੂੰ ਸਾਂਭ ਕੇ ਰੱਖ।** (22) ਜਿਨ੍ਹਾਂ ਨੂੰ ਓਹ ਪ੍ਰਾਪਤ ਹੁੰਦੀਆਂ ਹਨ **ਉਨ੍ਹਾਂ ਦੇ ਲਈ ਜੀਉਣ** ਹਨ, ਤੇ **ਉਨ੍ਹਾਂ ਦੇ ਸਾਰੇ ਸਰੀਰ ਦੇ ਲਈ ਤੰਦਰੁਸਤੀ**। (23) **ਆਪਣੇ ਮਨ ਦੀ ਵੱਡੀ ਚੌਕਸੀ ਕਰ,** ਕਿਉਂ ਜੋ **ਜੀਉਣ ਦੀਆਂ ਧਾਰਾਂ ਓਸੇ ਤੋਂ ਨਿੱਕਲਦੀਆਂ ਹਨ!**

- ਕਹਾਉਤਾਂ 8:32 – 9:1 ਸੋ ਹੁਣ, ਹੇ ਮੇਰੇ ਪੁੱਤਰੋ, ਤੁਸੀਂ ਮੇਰੀ ਸੁਣੋ, ਕਿਉਂ ਜੋ **ਧੰਨ** ਓਹ ਹਨ **ਜਿਹੜੇ ਮੇਰੇ ਰਾਹਾਂ ਦੀ ਪਾਲਨਾ ਕਰਦੇ ਹਨ।** (33) ਸਿੱਖਿਆ ਨੂੰ ਸੁਣੋ ਤੇ ਬੁੱਧਵਾਨ ਬਣੋ, ਅਤੇ **ਉਸ ਤੋਂ ਮੂੰਹ ਨਾ ਮੋੜੋ**। (34) **ਧੰਨ ਹੈ** ਉਹ ਆਦਮੀ **ਜੋ ਮੇਰੀ ਸੁਣਦਾ ਹੈ**, ਜੋ ਮੇਰੇ ਬੂਹਿਆਂ ਉੱਤੇ ਨਿੱਤ **ਉਡੀਕ ਕਰਦਾ**, ਅਤੇ ਮੇਰੇ ਦਰਵੱਜਿਆਂ ਦੀਆਂ ਚੁਗਾਠਾਂ ਕੋਲ **ਰਾਖੀ ਕਰਦਾ ਹੈ**। (35) ਜਿਹੜਾ **ਮੈਨੂੰ ਲੱਭਦਾ ਹੈ, ਉਹ ਜੀਉਣ ਲੱਭਦਾ ਹੈ**, ਅਤੇ ਯਹੋਵਾਹ ਤੋਂ **ਕਿਰਪਾ** ਪਾਵੇਗਾ। (36) ਪਰ **ਜੋ ਮੇਰਾ ਪਾਪ ਕਰਦਾ ਹੈ ਉਹ ਆਪਣੀ ਜਾਨ ਦਾ ਨੁਕਸਾਨ ਕਰਦਾ ਹੈ,** ਜਿੰਨੇ ਮੇਰੇ ਨਾਲ ਵੈਰ ਰੱਖਦੇ ਹਨ ਓਹ ਮੌਤ ਨਾਲ ਪ੍ਰੀਤ ਲਾਉਂਦੇ ਹਨ!

- ਯੂਹੰਨਾ 15:7-11 **ਜੇ** ਤੁਸੀਂ **ਮੇਰੇ ਵਿੱਚ ਰਹੋ** ਅਤੇ **ਮੇਰੀਆਂ ਗੱਲਾਂ ਤੁਹਾਡੇ ਵਿੱਚ ਰਹਿਣ ਤਾਂ ਜੋ ਚਾਹੋ ਮੰਗੋ ਅਤੇ ਉਹ ਤੁਹਾਡੇ ਲਈ ਹੋ ਜਾਵੇਗਾ।** (9) ਜਿਵੇਂ ਪਿਤਾ ਨੇ ਮੇਰੇ ਨਾਲ ਪਿਆਰ ਕੀਤਾ ਤਿਵੇਂ **ਮੈਂ ਵੀ ਤੁਹਾਡੇ ਨਾਲ ਪਿਆਰ ਕੀਤਾ। ਤੁਸੀਂ ਮੇਰੇ ਪ੍ਰੇਮ ਵਿੱਚ ਰਹੋ** (ਇਹ ਰਹਿਣਾ ਹੈ)। (10) **ਜੇਕਰ** ਤੁਸੀਂ ਮੇਰੇ ਹੁਕਮਾਂ ਦੀ **ਪਾਲਨਾ** ਕਰੋਗੇ ਤਾਂ ਮੇਰੇ ਪ੍ਰੇਮ **ਵਿੱਚ ਰਹੋਗੇ** ਜਿਵੇਂ ਮੈਂ ਆਪਣੇ ਪਿਤਾ ਦੇ ਹੁਕਮਾਂ ਦੀ ਪਾਲਨਾ ਕੀਤੀ ਹੈ ਅਤੇ ਉਹ ਦੇ ਪ੍ਰੇਮ ਵਿੱਚ ਰਹਿੰਦਾ ਹਾਂ। (11) ਏਹ ਗੱਲਾਂ ਮੈਂ ਤੁਹਾਨੂੰ ਇਸ ਲਈ ਆਖੀਆਂ **ਜੋ** ਮੇਰੀ **ਖੁਸ਼ੀ ਤੁਹਾਡੇ ਵਿੱਚ ਹੋਵੇ** ਅਤੇ **ਤੁਹਾਡੀ ਖੁਸ਼ੀ ਪੂਰੀ ਹੋ ਜਾਵੇ।**

ਉਸ ਦੇ ਰਾਹਾਂ ਨੂੰ ਜਾਣਨਾ ਅਤੇ ਉਨ੍ਹਾਂ ਵਿੱਚ ਚੱਲਣਾ ਵੱਡੀਆਂ ਬਰਕਤਾਂ ਅਤੇ ਅਨੰਦ ਨੂੰ ਲੈ ਕੇ ਆਉਂਦਾ ਹੈ:

- ਲੂਕਾ 11:28 ਮੱਤੀ 7:24-27 ਯਾਕੂਬ 1:25

## ਵਫ਼ਾਦਾਰੀ ਪਰਮੇਸ਼ੁਰ ਨੂੰ ਬਹੁਤ ਪ੍ਰਸੰਨ ਕਰਦੀ ਹੈ

- ਕਹਾਉਤਾਂ 28:20 **ਸੱਚੇ** ਪੁਰਸ਼ ਉੱਤੇ **ਘਨੇਰੀਆਂ ਅਸੀਸਾਂ ਹੋਣਗੀਆਂ**

- ਲੂਕਾ 12:42-44 ਪ੍ਰਭੂ ਨੇ ਅੱਗੋਂ ਆਖਿਆ, ਉਹ **ਮਾਤਬਰ** ਅਤੇ ਬੁੱਧਵਾਨ **ਮੁਖ਼ਤਿਆਰ** ਕੌਣ ਹੈ ਜਿਹ ਨੂੰ ਮਾਲਕ ਆਪਣੇ ਨੌਕਰਾਂ ਚਾਕਰਾਂ **ਉੱਤੇ ਠਹਿਰਾਵੇ** ਭਈ ਵੇਲੇ ਸਿਰ ਉਨ੍ਹਾਂ ਨੂੰ ਰਸਤ ਦੇਵੇ? (43) **ਧੰਨ ਉਹ ਨੌਕਰ** ਜਿਹ ਨੂੰ ਉਹ ਦਾ ਮਾਲਕ ਜਦ ਆਵੇ ਅਜਿਹਾ ਹੀ ਕਰਦਿਆਂ ਵੇਖੇ। (44) ਮੈਂ ਤੁਹਾਨੂੰ ਸੱਤ ਆਖਦਾ ਹਾਂ ਜੋ **ਉਹ ਉਸ ਨੂੰ ਆਪਣੇ ਸਾਰੇ ਮਾਲ ਮਤਾ ਉੱਤੇ ਮੁਖ਼ਤਿਆਰ ਕਰ ਦੇਵੇਗਾ।**

    - ਇਸ ਬੰਦ ਦੇ ਅਨੁਸਾਰ **ਉਸ ਕੰਮ ਦੇ ਨਾਲ ਵਫ਼ਾਦਾਰ** ਹੋਣਾ ਜੋ ਤੁਹਾਨੂੰ ਤੁਹਾਡੇ ਬੌਸ ਅਤੇ ਪਰਮੇਸ਼ੁਰ ਨੇ ਦਿੱਤਾ ਹੈ, ਉਸ ਨੂੰ ਭਾਉਂਦਾ ਹੈ।

    - ਮੱਤੀ 20:25-28; 25:21; ਯੂਹੰਨਾ 13:15-17

- ਲੂਕਾ 16:10-12 **ਜੋ** ਥੋੜੇ ਤੋਂ ਥੋੜੇ ਵਿੱਚ **ਦਿਆਨਤਦਾਰ ਹੈ** ਸੋ **ਬਹੁਤ ਵਿੱਚ ਵੀ ਦਿਆਨਤਦਾਰ ਹੈ**, ਅਤੇ ਜੋ ਥੋੜੇ ਤੋਂ ਥੋੜੇ ਵਿੱਚ ਬੇਈਮਾਨ ਹੈ ਸੋ ਬਹੁਤ ਵਿੱਚ ਵੀ ਬੇਈਮਾਨ ਹੈ। (11) ਸੋ ਜੇ ਤੁਸੀਂ ਕੁਧਰਮ ਦੀ ਮਾਯਾ ਵਿੱਚ **ਦਿਆਨਤਦਾਰ** ਨਾ ਹੋਏ ਤਾਂ **ਸੱਚਾ ਧਨ** ਕੌਣ ਤੁਹਾਨੂੰ ਸੌਂਪੇਗਾ? (12) ਅਰ ਜੇ ਤੁਸੀਂ ਪਰਾਏ ਮਾਲ ਵਿੱਚ **ਦਿਆਨਤਦਾਰ** ਨਾ ਹੋਏ ਤਾਂ **ਤੁਹਾਡਾ ਆਪਣਾ ਹੀ** ਕੌਣ ਤੁਹਾਨੂੰ ਦੇਵੇਗਾ?

    - ਪਵਿੱਤਰ ਆਤਮਾ ਤੋਂ ਮੰਗੋ ਕਿ ਉਹ ਤੁਹਾਨੂੰ ਹੋਰ ਵਫ਼ਾਦਾਰ ਬਣਨ ਲਈ ਰਾਹ ਵਿਖਾਵੇ . . . ਪਰਮੇਸ਼ੁਰ ਨਾਲ, ਦੂਸਰਿਆਂ ਨਾਲ ਅਤੇ ਆਪਣੇ ਨਾਲ।

## ਦਿਲ ਤੋਂ ਕੰਮ ਕਰਨਾ ਅਤੇ ਮਿਹਨਤ ਕਰਨਾ ਬਰਕਤਾਂ ਲਿਆਉਂਦਾ ਹੈ।

- ਉਤਪਤ 3:17-19 ਫੇਰ ਉਸ ਨੇ ਆਦਮੀ ਨੂੰ ਆਖਿਆ ਕਿ ਏਸ ਲਈ ਕਿ ਤੂੰ . . . ਬਿਰਛ ਤੋਂ ਖਾਧਾ . . . ਸੋ ਜ਼ਮੀਨ ਤੇਰੇ ਕਾਰਨ ਸਰਾਪਤ ਹੋਈ। ਤੂੰ ਆਪਣੇ ਜੀਵਣ ਦੇ **ਸਾਰੇ** ਦਿਨ ਉਸ ਤੋਂ **ਦੁੱਖ** ਨਾਲ ਖਾਵੇਂਗਾ। (18)

ਉਹ ਕੰਡੇ ਅਰ ਕੰਡਿਆਲੇ ਤੇਰੇ ਲਈ ਉਗਾਵੇਗੀ ਅਤੇ ਤੂੰ ਪੈਲੀ ਦਾ ਸਾਗ ਪੱਤ ਖਾਵੇਂਗਾ। (19) **ਤੂੰ ਆਪਣੇ ਮੂੰਹ ਦੇ ਮੁੜ੍ਹਕੇ ਨਾਲ ਰੋਟੀ ਖਾਵੇਂਗਾ**।

- ਕੰਮ "ਪਹਿਲੇ ਮਨੁੱਖ ਦੀ" ਅਣ-ਆਗਿਆਕਾਰੀ ਦਾ ਨਤੀਜਾ ਹੈ। ਜਿੰਨਾ ਇੱਕ ਵਿਅਕਤੀ **ਕੰਮ ਨੂੰ ਨਜ਼ਰਅੰਦਾਜ਼ ਕਰਦਾ ਹੈ** ਓਨਾ ਹੀ ਉਹ **ਨੁਕਸਾਨ** ਝੱਲੇਗਾ ਅਤੇ **ਗਰੀਬੀ** ਦੇ ਵਿੱਚ ਜੀਵਨ ਗੁਜ਼ਾਰੇਗਾ।

- ਕਹਾਉਤਾਂ 22:29 ਤੂੰ ਕਿਸੇ ਨੂੰ **ਉਹ ਦੇ ਕੰਮ ਵਿੱਚ ਚਾਤਰ** ਵੇਖਦਾ ਹੈਂ? ਉਹ ਪਾਤਸ਼ਾਹਾਂ ਦੇ ਸਨਮੁਖ ਖਲੋਵੇਗਾ।

- ਕਹਾਉਤਾਂ 6:6-11 ਹੇ ਆਲਸੀ, **ਤੂੰ ਕੀੜੀ ਕੋਲ ਜਾਹ, ਉਹ ਦੇ ਰਾਹਾਂ ਨੂੰ ਵੇਖ** ਅਤੇ ਬੁੱਧਵਾਨ ਬਣ, (7) ਜਿਹ ਦਾ ਨਾ ਕੋਈ ਆਗੂ, ਨਾ ਹੁੱਦੇਦਾਰ ਨਾ ਹਾਕਮ ਹੈ, (8) **ਉਹ ਆਪਣਾ ਅਹਾਰ** ਗਰਮੀ ਵਿੱਚ **ਜੋੜਦੀ**, ਅਤੇ ਵਾਢੀ ਦੇ ਵੇਲੇ ਆਪਣੀਆਂ ਖਾਣ ਵਾਲੀਆਂ ਵਸਤਾਂ ਇਕੱਠੀਆਂ ਕਰਦੀ ਹੈ। (9) ਹੇ ਆਲਸੀ, ਤੂੰ ਕਦੋਂ ਤੋੜੀ ਪਿਆ ਰਹੇਂਗਾ? ਤੂੰ ਕਦੋਂ ਆਪਣੀ ਨੀਂਦ ਤੋਂ ਉੱਠੇਂਗਾ? (10) ਰਤੀ ਕੁ ਨੀਂਦ, ਰਤੀ ਕੁ ਊਂਘ, ਰਤੀ ਕੁ ਹੱਥ ਇਕੱਠੇ ਕਰ ਕੇ ਲੰਮਾ ਪੈਣਾ,— (11) ਏਸੇ ਤਰਾਂ **ਗਰੀਬੀ** ਧਾੜਵੀ ਵਾਂਙੁ, ਅਤੇ ਤੰਗੀ **ਸ਼ਸਤਰ ਧਾਰੀ** ਵਾਂਙੁ ਤੇਰੇ ਉੱਤੇ ਆ ਪਵੇਗੀ!

## ਇੱਕ ਉਦਾਰ, ਦੇਣ ਵਾਲਾ ਦਿਲ ਪਰਮੇਸ਼ੁਰ ਨੂੰ ਪ੍ਰਸੰਨ ਕਰਦਾ ਹੈ

- ਕਹਾਉਤਾਂ 11:25 **ਸੁਖੀ ਜਨ ਮੋਟਾ ਹੋ ਜਾਵੇਗਾ**, ਤੇ ਜੋ ਸਿੰਜਦਾ ਹੈ ਉਹ ਆਪ ਵੀ ਸਿੰਜਿਆ ਜਾਵੇਗਾ। ਮਰਕੁਸ 9:41

- ਕਹਾਉਤਾਂ 22:9 ਜਿਹੜਾ **ਭਲਿਆਈ ਦੀ ਨਿਗਾਹ ਕਰਦਾ ਹੈ ਉਹ ਮੁਬਾਰਕ ਹੈ**, ਕਿਉਂ ਜੋ ਉਹ ਗਰੀਬ ਨੂੰ ਆਪਣੀ ਰੋਟੀ ਵਿੱਚੋਂ ਦਿੰਦਾ ਹੈ।

- ਮੱਤੀ 5:7 **ਧੰਨ** ਓਹ ਜਿਹੜੇ ਦਯਾਵਾਨ ਹਨ ਕਿਉਂ ਜੋ ਉਨ੍ਹਾਂ ਉੱਤੇ ਦਯਾ **ਕੀਤੀ ਜਾਵੇਗੀ**।

- ਮੱਤੀ 6:2-4 ਸੋ ਜਦ **ਤੂੰ ਦਾਨ ਕਰੇਂ** ਆਪਣੇ ਮੁਹਰੇ ਤੁਰਹੀ ਨਾ ਬਜਵਾ ਜਿਸ ਪਰਕਾਰ ਕਪਟੀ ਸਮਾਜਾਂ ਅਤੇ ਰਸਤਿਆਂ ਵਿੱਚ ਕਰਦੇ ਹਨ ਭਈ **ਲੋਕ** ਉਨ੍ਹਾਂ ਦੀ **ਵਡਿਆਈ ਕਰਨ**। ਮੈਂ ਤੁਹਾਨੂੰ ਸਤ ਆਖਦਾ ਹਾਂ ਜੋ ਓਹ ਆਪਣਾ ਫਲ ਪਾ ਚੁੱਕੇ। [3] ਪਰ ਜਾਂ ਤੂੰ ਦਾਨ ਕਰੇਂ ਤਾਂ ਜੋ ਕੁਝ ਤੇਰਾ ਸੱਜਾ ਹੱਥ ਕਰਦਾ ਹੈ ਤੇਰਾ ਖੱਬਾ ਹੱਥ ਨਾ

ਜਾਣੇ। [4] ਭਈ ਤੇਰਾ ਦਾਨ ਗੁਪਤ ਵਿੱਚ ਹੋਵੇ ਅਤੇ **ਤੇਰਾ ਪਿਤਾ** ਜਿਹੜਾ ਗੁਪਤ ਵਿੱਚ ਵੇਖਦਾ ਹੈ **ਤੈਨੂੰ ਫਲ ਦੇਵੇ।**

- ਮਲਾਕੀ 3:10-11 **ਸਾਰੇ ਦਸਵੰਧ** ਮੇਰੇ ਮੋਦੀ ਖ਼ਾਨੇ ਵਿੱਚ ਲਿਆਓ ਤਾਂ ਜੋ ਮੇਰੇ ਭਵਨ ਵਿੱਚ ਭੋਜਨ ਹੋਵੇ ਅਤੇ ਉਸ ਦੇ ਨਾਲ ਮੈਨੂੰ ਜ਼ਰਾ ਪਰਤਾਓ, ਸੈਨਾਂ ਦਾ ਯਹੋਵਾਹ ਆਖਦਾ ਹੈ, ਕੀ **ਮੈਂ ਤੁਹਾਡੇ ਲਈ ਅਕਾਸ਼ ਦੀਆਂ ਖਿੜਕੀਆਂ ਖੋਲ੍ਹਦਾ ਹਾਂ ਕਿ ਨਹੀਂ ਭਈ ਤੁਹਾਡੇ ਲਈ ਬਰਕਤ ਵਰ੍ਹਾਵਾਂ ਏਥੋਂ ਤੀਕ ਕਿ ਉਹ ਦੇ ਲਈ ਥਾਂ ਨਾ ਹੋਵੇਗਾ!** (11) ਮੈ ਤੁਹਾਡੇ ਲਈ ਖਾਣ ਵਾਲੇ ਨੂੰ ਝਿੜਕਾਂਗਾ ਕਿ ਓਹ ਤੁਹਾਡੀ ਜ਼ਮੀਨ ਦੇ ਫਲਾਂ ਨੂੰ ਨਾਸ ਨਾ ਕਰੇ ਅਤੇ ਤੁਹਾਡੇ ਅੰਗੂਰ ਪੈਲੀ ਵਿੱਚ ਅਫਲ ਨਾ ਰਹਿ ਜਾਣ, ਸੈਨਾਂ ਦਾ ਯਹੋਵਾਹ ਆਖਦਾ ਹੈ।

    - ਜਦੋਂ ਤੁਸੀਂ ਆਪਣੀ ਮਜ਼ਦੂਰੀ ਜਾਂ ਤਨਖ਼ਾਹ ਨੂੰ ਪ੍ਰਾਪਤ ਕਰਦੇ ਹੋ:

        ਪਹਿਲਾਂ: 10% **ਪਰਮੇਸ਼ੁਰ ਲਈ** ਅੱਲਗ ਕਰੋ।
        ਦੂਸਰਾ: 10% **ਆਪਣੀ ਬਚਤ ਲਈ** ਅਲੱਗ ਕਰੋ।
        ਤੀਸਰਾ: 10% **ਦਾ** ਆਪਣੇ ਭਵਿੱਖ ਲਈ **ਨਿਵੇਸ਼ ਕਰੋ**।
        ਚੌਥਾ: ਆਪਣੀ ਆਮਦਨ ਦੇ 70% **ਨਾਲ ਆਪਣਾ ਗੁਜ਼ਾਰਾ ਕਰੋ**।

        ਇਸ ਨੂੰ ਕਰਨ ਦੀ ਕੋਸ਼ਿਸ਼ ਕਰੋ। ਉਸ ਨੂੰ ਤੁਹਾਡੇ ਲਈ ਇਹ ਸਾਬਤ ਕਰਨ ਦਿਓ।

## ਦੂਸਰਿਆਂ ਦਾ ਆਦਰ ਕਰਨਾ ਪਰਮੇਸ਼ੁਰ ਨੂੰ ਪ੍ਰਸੰਨ ਕਰਦਾ ਹੈ

- ਰੋਮੀਆਂ 13:7 **ਸਭਨਾਂ ਦਾ ਹੱਕ ਭਰ ਦਿਓ**। ਜਿਹ ਨੂੰ ਹਾਲਾ ਚਾਹੀਦਾ ਹੈ ਹਾਲਾ ਦਿਓ, ਜਿਹ ਨੂੰ ਮਸੂਲ ਚਾਹੀਦਾ ਹੈ ਮਸੂਲ ਦਿਓ, ਜਿਹ ਦੇ ਕੋਲੋਂ ਡਰਨਾ ਚਾਹੀਦਾ ਹੈ ਡਰੋ, **ਜਿਹ ਦਾ ਆਦਰ ਚਾਹੀਦਾ ਹੈ ਆਦਰ ਕਰੋ।**

- ਕਹਾਉਤਾਂ 3:9-10 ਆਪਣਾ **ਮਾਲ** ਅਤੇ **ਆਪਣੀ ਸਾਰੀ ਪੈਦਾਵਾਰ ਦੇ ਪਹਿਲੇ ਫਲ** ਨਾਲ **ਯਹੋਵਾਹ ਦੀ ਮਹਿਮਾ ਕਰ**, (10) ਤਾਂ **ਤੇਰੇ ਖਾਤੇ ਪੈਦਾਵਾਰ ਨਾਲ ਭਰੇ ਪੂਰੇ ਰਹਿਣਗੇ**, ਅਤੇ ਤੇਰੇ ਦਾਖਾਂ ਦੇ ਵੇਲਣੇ **ਨਵੇਂ ਰਸ ਨਾਲ ਛਲਕਣਗੇ।**

- ਅਫਸੀਆਂ 6:2-3 **ਤੂੰ ਆਪਣੇ ਮਾਂ ਪਿਉ ਦਾ ਆਦਰ ਕਰ ਭਈ ਤੇਰਾ ਭਲਾ ਹੋਵੇ ਅਰ ਧਰਤੀ ਉੱਤੇ ਤੇਰੀ ਉਮਰ ਲੰਮੀ ਹੋਵੇ**। (3) ਇਹ **ਵਾਇਦੇ** ਨਾਲ ਪਹਿਲਾ ਹੁਕਮ ਹੈ।

- 1 ਪਤਰਸ 3:7 ਇਸੇ ਤਰਾਂ **ਹੇ ਪਤੀਓ**, ਬੁੱਧ ਦੇ ਅਨੁਸਾਰ ਆਪਣੀਆਂ **ਪਤਨੀਆਂ** ਨਾਲ ਵੱਸੋ ਅਤੇ ਇਸਤਰੀ ਨੂੰ ਆਪਣੇ ਨਾਲੋਂ ਕੋਮਲ ਸਰੀਰ ਜਾਣ ਕੇ ਅਤੇ ਇਹ ਭੀ ਭਈ ਤੁਸੀਂ ਦੋਵੇਂ ਜੀਵਨ ਦੀ ਬਖ਼ਸ਼ੀਸ਼ ਦੇ ਸਾਂਝੇ ਅਧਕਾਰੀ ਹੋ **ਉਹ ਦਾ ਆਦਰ ਕਰੋ ਤਾਂ ਜੋ ਤੁਹਾਡੀਆਂ ਪ੍ਰਾਰਥਨਾਂ ਰੁਕ ਨਾ ਜਾਣ।**

## ਪਾਪ ਨੂੰ ਨਫ਼ਰਤ ਕਰਨਾ ਅਤੇ ਧਰਮੀ ਜੀਵਨ ਜੀਉਣਾ ਬਰਕਤਾਂ ਲਿਆਉਂਦਾ ਹੈ:

- ਮੱਤੀ 5:6 **ਧੰਨ** ਓਹ ਜਿਹੜੇ **ਧਰਮ ਦੇ ਭੁੱਖੇ ਤੇ ਤਿਹਾਏ ਹਨ** ਕਿਉਂ ਜੋ **ਓਹ ਰਜਾਏ ਜਾਣਗੇ**।

- ਇੱਕ ਅਣਜਾਣ ਰਿਸ਼ਤੇਦਾਰ ਦੇ ਜੀਵਨ 'ਤੇ ਵਿਚਾਰ ਕਰੋ: ਅਤੇ ਯਅਬੇਸ ਨੇ ਇਸਰਾਏਲ ਦੇ ਪਰਮੇਸ਼ੁਰ ਅੱਗੇ ਬੇਨਤੀ ਕਰ ਕੇ ਆਖਿਆ, ਕਾਸ਼ **ਤੂੰ ਮੈਨੂੰ ਸੱਚ ਮੁਚ ਬਰਕਤ ਦਿੰਦਾ** ਤੇ **ਮੇਰੀਆਂ ਹੱਦਾਂ ਨੂੰ ਵਧਾਉਂਦਾ** ਤੇ ਤੇਰਾ **ਹੱਥ** ਮੇਰੇ ਨਾਲ ਰਹਿੰਦਾ ਅਤੇ ਤੂੰ ਮੈਨੂੰ **ਬੁਰਿਆਈ** ਤੋਂ ਬਚਾਉਂਦਾ ਤਾਂ ਜੋ ਉਹ ਮੈਨੂੰ ਦੁੱਖ ਨਾ ਦੇਵੇ! **ਪਰਮੇਸ਼ੁਰ ਨੇ ਉਹ ਦੀਆਂ ਭਾਉਣੀਆਂ ਪੂਰੀਆਂ ਕੀਤੀਆਂ**। 1 ਇਤਹਾਸ 4:10

  **ਕਿਉਂ**? ਆਇਤ 9 ਅਤੇ ਯਅਬੇਸ ਆਪਣੇ ਭਰਾਵਾਂ ਨਾਲੋਂ **ਪਤਵੰਤ** ਸੀ . . .

  ਯਾਕੂਬ 5:16 **ਧਰਮੀ ਪੁਰਖ** ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ।

- ਕਹਾਉਤਾਂ 3:7-8 ਤੂੰ ਆਪਣੀ ਨਿਗਾਹ ਵਿੱਚ ਬੁੱਧਵਾਨ ਨਾ ਹੋ, **ਯਹੋਵਾਹ ਦਾ ਭੈ ਰੱਖ** ਅਤੇ **ਬੁਰਿਆਈ ਤੋਂ ਲਾਂਭੇ ਰਹੁ**। (8) **ਏਸ ਤੋਂ ਤੇਰੀ ਨਾਭੀ ਨਿਰੋਗ**, ਅਤੇ ਤੇਰੀਆਂ ਹੱਡੀਆਂ **ਪੁਸ਼ਟ ਰਹਿਣਗੀਆਂ**।

- ਕਹਾਉਤਾਂ 13:21 ਬਿਪਤਾ ਪਾਪੀਆਂ ਦੇ ਪਿੱਛੇ ਪੈਂਦੀ ਹੈ, ਪਰ **ਧਰਮੀਆਂ** ਨੂੰ **ਚੰਗਾ ਫਲ ਮਿਲੇਗਾ**।

ਸੰਕਟ ਜਾਂ ਗਰੀਬੀ – ਇਹ ਤੁਹਾਡੀ ਚੋਣ ਹੈ

ਜੇਕਰ ਤੁਸੀਂ ਚਾਹੁੰਦੇ ਹੋ ਤਾਂ ਤੁਹਾਡੇ ਲਈ ਧੰਨ ਅਤੇ ਖੁਸ਼ਹਾਲ ਜੀਵਨ ਉਪਲੱਬਧ ਹੈ।
ਇਹ ਤੁਹਾਡਾ ਫੈਸਲਾ ਹੈ।

ਇਹ ਇਸ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਦੀ ਸਭ ਤੋਂ ਜ਼ਿਆਦਾ ਕਦਰ ਕਰਦੇ ਹੋ ਅਤੇ ਕੀ ਭਾਲਦੇ ਹੋ।

ਯਿਸੂ ਨੇ ਆਪਣੇ ਚੇਲਿਆਂ ਨੂੰ ਪੁੱਛਿਆ: **ਤੁਸੀਂ ਕੀ ਭਾਲਦੇ ਹੋ?** (ਯੂਹੰਨਾ 1:38)

ਉਹ ਸਾਡੇ ਵਿੱਚੋਂ ਹਰੇਕ ਨੂੰ ਇਹੋ ਪ੍ਰਸ਼ਨ ਪੁੱਛਦਾ ਹੈ।

ਸਾਨੂੰ ਆਪਣੇ ਆਪ ਨੂੰ ਗੰਭੀਰਤਾ ਨਾਲ ਪੁੱਛਣਾ ਚਾਹੀਦਾ ਹੈ: **ਕੀ ਮੈਂ ਹੁਣ ਮਨੁੱਖਾਂ ਨੂੰ ਮਨਾਉਂਦਾ ਹਾਂ** ਯਾ **ਪਰਮੇਸ਼ੁਰ ਨੂੰ?** ਅਥਵਾ ਕੀ ਮੈਂ ਮਨੁੱਖਾਂ ਨੂੰ ਰਿਝਾਇਆ ਚਾਹੁੰਦਾ ਹਾਂ? ਜੇ ਮੈਂ ਅਜੇ ਤੋੜੀ ਮਨੁੱਖਾਂ ਨੂੰ ਰਿਝਾਉਂਦਾ ਰਹਿੰਦਾ ਤਾਂ ਮੈਂ ਮਸੀਹ ਦਾ ਦਾਸ ਨਾ ਹੁੰਦਾ। ਗਲਾਤੀਆਂ 1:10

ਉਨ੍ਹਾਂ ਲਈ **ਸਖ਼ਤ ਚੇਤਾਵਨੀ** ਹੈ ਜੋ ਉਨ੍ਹਾਂ ਨੂੰ ਪ੍ਰਸੰਨ ਕਰਨ ਅਤੇ ਪ੍ਰਭਾਵਿਤ ਕਰਨ ਅਤੇ ਉਨ੍ਹਾਂ ਦੁਆਰਾ ਪ੍ਰਵਾਨ ਹੋਣ ਲਈ ਚਲਾਏ ਜਾਂਦੇ ਅਤੇ ਪ੍ਰੇਰਿਤ ਕੀਤੇ ਜਾਂਦੇ ਹਨ, ਜੋ **ਸੰਸਾਰ ਦੀਆਂ ਚੀਜ਼ਾਂ** ਦਾ **ਪਿੱਛਾ ਕਰਦੇ ਹਨ:**

ਕੋਈ **ਤੁਹਾਨੂੰ** ਫੋਕੀਆਂ ਗੱਲਾਂ ਨਾਲ **ਧੋਖਾ** ਨਾ ਦੇਵੇ ਕਿਉਂ ਜੋ ਇਨ੍ਹਾਂ ਗੱਲਾਂ ਦੇ ਕਾਰਨ ਪਰਮੇਸ਼ੁਰ ਦਾ **ਕ੍ਰੋਪ ਅਣਆਗਿਆਕਾਰੀ ਦੇ ਪੁੱਤਰਾਂ** ਉੱਤੇ ਪੈਂਦਾ ਹੈ। (7) ਸੋ **ਤੁਸੀਂ ਓਹਨਾਂ ਦੇ ਸਾਂਝੀ ਨਾ ਹੋਵੋ** (ਅਫਸੀਆਂ 5:6-17)।

- ਸੰਦੇਸ਼ ਸਪੱਸ਼ਟ ਹੈ: ਪਰਮੇਸ਼ੁਰ ਦਾ ਕ੍ਰੋਪ "ਅਣ-ਆਗਿਆਕਾਰੀ ਦੇ ਪੁੱਤਰਾਂ" ਉੱਤੇ ਹੈ। ਅਤੇ ਕੋਈ ਵੀ ਵਿਸ਼ਵਾਸੀ ਜੋ ਇਸ ਤਰ੍ਹਾਂ ਦਾ ਜੀਵਨ ਜੀਉਂਦਾ ਹੈ ਉਹ **ਸੱਚਮੁੱਚ** ਪਰਮੇਸ਼ੁਰ ਨੂੰ **ਭਾਉਂਦਾ ਨਹੀਂ** ਅਤੇ ਉਹ ਵਿਸ਼ਵਾਸੀ ਬਹੁਤ ਸਾਰੀਆਂ **ਸਮੱਸਿਆਵਾਂ** ਅਤੇ **ਮੁਸ਼ਕਿਲਾਂ** ਅਤੇ ਪਰਮੇਸ਼ੁਰ ਦੀ **ਤਾੜਨਾ** ਨੂੰ ਵੱਢੇਗਾ।
    - ਕਹਾਉਤਾਂ 3:12 ਕਿਉਂ ਜੋ ਯਹੋਵਾਹ ਓਸੇ ਨੂੰ ਤਾੜਦਾ ਹੈ ਜਿਹ ਦੇ ਨਾਲ ਪਿਆਰ ਕਰਦਾ ਹੈ, ਜਿਵੇਂ ਪਿਉ ਉਸ ਪੁੱਤਰ ਨੂੰ ਜਿਸ ਤੋਂ ਉਹ ਪਰਸੰਨ ਹੈ।

ਗਲਾਤੀਆਂ 6:7-9 ਤੁਸੀਂ ਧੋਖਾ ਨਾ ਖਾਓ, ਪਰਮੇਸ਼ੁਰ ਠੱਠਿਆਂ ਵਿੱਚ ਨਹੀਂ ਉਡਾਈਦਾ ਕਿਉਂਕਿ **ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ।** (8) ਜਿਹੜਾ ਆਪਣੇ **ਸਰੀਰ ਲਈ** ਬੀਜਦਾ ਹੈ ਉਹ ਸਰੀਰੋਂ **ਬਿਨਾਸ ਨੂੰ ਵੱਢੇਗਾ** ਅਤੇ ਜਿਹੜਾ **ਆਤਮਾ ਲਈ** ਬੀਜਦਾ ਹੈ ਉਹ ਆਤਮਾ ਤੋਂ ਸਦੀਪਕ ਜੀਵਨ ਨੂੰ ਵੱਢੇਗਾ। (9) ਅਤੇ **ਭਲਿਆਈ ਕਰਦਿਆਂ** ਅਸੀਂ ਅੱਕ ਨਾ ਜਾਈਏ ਕਿਉਂਕਿ ਜੇ ਹੌਸਲਾ ਨਾ ਹਾਰੀਏ **ਤਾਂ ਵੇਲੇ ਸਿਰ ਵੱਢਾਂਗੇ।**

ਇਸ ਲਈ ਸਾਨੂੰ ਇਹ **ਸਖ਼ਤ ਨਸੀਹਤ** ਦਿੱਤੀ ਗਈ ਹੈ:

1 ਯੂਹੰਨਾ 2:15-17 ***ਸੰਸਾਰ ਨਾਲ ਮੋਹ ਨਾ ਰੱਖੋ, ਨਾ ਉਨ੍ਹਾਂ ਵਸਤਾਂ ਨਾਲ ਜੋ ਸੰਸਾਰ ਵਿੱਚ ਹਨ।*** ਜੇ ਕੋਈ ਸੰਸਾਰ ਨਾਲ ਮੋਹ ਰੱਖਦਾ ਹੋਵੇ ਤਾਂ ਉਹ ਦੇ ਵਿੱਚ ਪਿਤਾ ਦਾ ਪ੍ਰੇਮ ਨਹੀਂ। (16) ਕਿਉਂਕਿ ਸੱਭੋ ਕੁਝ ਜੋ ਸੰਸਾਰ ਵਿੱਚ ਹੈ ਅਰਥਾਤ ਸਰੀਰ ਦੀ ਕਾਮਨਾ ਅਤੇ ਨੇਤਰਾਂ ਦੀ ਕਾਮਨਾ ਅਤੇ ਜੀਵਨ ਦਾ ਅਭਮਾਨ ਸੋ ਪਿਤਾ ਤੋਂ ਨਹੀਂ ਸਗੋਂ ਸੰਸਾਰ ਤੋਂ ਹੈ। (17) ਅਤੇ **ਸੰਸਾਰ** ਨਾਲੇ ਉਹ ਦੀ ਕਾਮਨਾ **ਬੀਤਦੀ ਜਾਂਦੀ ਹੈ** ਪਰ **ਜਿਹੜਾ ਪਰਮੇਸ਼ੁਰ ਦੀ ਇੱਛਿਆ ਉੱਤੇ ਚੱਲਦਾ ਹੈ** ਉਹ ਸਦਾ ਤੀਕ ਕਾਇਮ ਰਹਿੰਦਾ ਹੈ।

ਇਹ ਚੰਗਾ ਹੁੰਦਾ ਹੈ ਜੇ ਸਾਡੀ ਸਾਰਿਆਂ ਦੀ ਰਸੂਲ ਪੌਲੁਸ ਵਰਗੀ ਤਮੰਨਾ ਹੁੰਦੀ:

2 ਕੁਰਿੰਥੀਆਂ 5:9-11 ਇਸੇ ਲਈ ਅਸਾਂ ਇਹ **ਧਾਰਨਾ** ਧਾਰੀ ਕਿ ਭਾਵੇਂ ਅਸੀਂ ਦੇਸ ਭਾਵੇਂ ਪਰਦੇਸ ਵਿੱਚ ਹੋਈਏ ਪਰ **ਉਹ ਨੂੰ ਭਾਉਂਦੇ ਰਹੀਏ।** (10) ਕਿਉਂ ਜੋ **ਅਸਾਂ** ਸਭਨਾਂ ਨੇ **ਮਸੀਹ ਦੇ ਨਿਆਉਂ ਦੇ ਸਿੰਘਾਸਣ** ਦੇ ਅੱਗੇ ਪਰਗਟ **ਹੋਣਾ ਹੈ** ਭਈ ਹਰੇਕ ਜੋ ਕੁਝ ਉਸ ਨੇ **ਦੇਹੀ ਵਿੱਚ ਕੀਤਾ** ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ **ਕਰਨੀਆਂ** ਦੇ ਅਨੁਸਾਰ ਉਹ ਦਾ ਫਲ ਭੋਗੋ।

- ਇੱਕ ਅਜਿਹੀ ਮੁਲਾਕਾਤ ਹੈ ਜਿਸ ਨੂੰ ਅਸੀਂ ਰੱਦ ਨਹੀਂ ਕਰ ਸਕਦੇ: ਮਸੀਹ ਦੇ ਨਿਆਉਂ ਦਾ ਸਿੰਘਾਸਣ

## ਇੱਕ ਚੰਗਾ ਗਵਾਹ ਬਣਨਾ ਪ੍ਰਭੂ ਯਿਸੂ ਮਸੀਹ ਨੂੰ ਪ੍ਰਸੰਨ ਕਰਦਾ ਹੈ

ਦਾਊਦ ਦੀ ਪ੍ਰਾਰਥਨਾ ਇਹ ਵਿਖਾਉਂਦੀ ਹੈ ਕਿ ਉਸ ਨੇ ਇਸ ਨੂੰ ਸਮਝ ਲਿਆ ਸੀ ਅਤੇ ਉਹ ਬਹੁਤਾਇਤ ਨਾਲ ਧੰਨ ਸੀ:

> ਜ਼ਬੂਰ 67:1-2, 7 ਪਰਮੇਸ਼ੁਰ **ਸਾਡੇ ਉੱਤੇ ਦਯਾ ਕਰੇ** ਅਤੇ ਸਾਨੂੰ ਬਰਕਤ ਦੇਵੇ, ਅਤੇ ਆਪਣਾ **ਮੁਖੜਾ ਸਾਡੇ ਉੱਤੇ ਚਮਕਾਵੇ।** (ਕਿਉਂ?) (2) **ਤਾਂ ਜੋ ਤੇਰਾ ਰਾਹ** ਧਰਤੀ ਉੱਤੇ, ਤੇਰੀ **ਮੁਕਤੀ** ਸਾਰੀਆਂ ਕੌਮਾਂ ਦੇ ਵਿੱਚ **ਜਾਣੀ ਜਾਵੇ।** (7) **ਪਰਮੇਸ਼ੁਰ ਸਾਨੂੰ ਬਰਕਤ ਦੇਵੇਗਾ, ਅਤੇ ਧਰਤੀ ਦੀਆਂ ਚਾਰੇ ਕੂੰਟਾਂ ਉਸ ਦਾ ਭੈ ਮੰਨਣਗੀਆਂ!**

- ਜਿੰਨਾ ਜ਼ਿਆਦਾ ਅਸੀਂ ਆਪਣੇ ਆਪ ਨੂੰ "ਉਸ ਦੇ ਰਾਹਾਂ" ਅਤੇ "ਉਸ ਦੀ ਮੁਕਤੀ" (ਜੋ ਉਸ ਨੇ ਸਲੀਬ ਉੱਤੇ ਆਪਣੇ ਵਹਾਏ ਗਏ ਲਹੂ ਦੇ ਦੁਆਰਾ ਪੂਰਾ ਕੀਤਾ) ਬਾਰੇ ਜਾਗਰੂਕਤਾ ਲਿਆਉਣ ਲਈ ਦਿੰਦੇ ਹਾਂ, ਓਨਾ ਜ਼ਿਆਦਾ ਉਹ ਸਾਨੂੰ ਹੋਰ ਜ਼ਿਆਦਾ ਕਰਨ ਦੇ ਯੋਗ ਬਣਾਉਣ ਲਈ ਬਰਕਤ ਦੇਵੇਗਾ।

- ਮਸੀਹੀ ਹੋਣ ਕਾਰਨ ਸਾਨੂੰ ਇਸ ਧਰਤੀ ਉੱਤੇ ਪੂਰਾ ਕਰਨ ਲਈ ਇੱਕ ਮਿਸ਼ਨ ਦਿੱਤਾ ਗਿਆ ਹੈ: ਯਿਸੂ ਨੇ ਕਿਹਾ: ਜਿਵੇਂ ਪਿਤਾ ਨੇ ਮੈਨੂੰ ਘੱਲਿਆ ਹੈ ਤਿਵੇਂ ਮੈਂ ਵੀ ਤੁਹਾਨੂੰ ਘੱਲਦਾ ਹਾਂ (ਯੂਹੰਨਾ 20:21) ਉਸ ਕੰਮ ਨੂੰ ਪੂਰਾ ਕਰਨ ਲਈ ਜੋ ਉਸ ਨੇ ਸ਼ੁਰੂ ਕੀਤਾ। ਕਿਉਂ ਜੋ ਮਨੁੱਖ ਦਾ ਪੁੱਤਰ ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ ਹੈ। (ਲੂਕਾ 19:10) ਲੂਕਾ 15:3-7 ਪੜ੍ਹੋ

**ਇਹ ਹੈ ਜੋ ਉਸ ਨੂੰ ਪ੍ਰਸੰਨ ਕਰਦਾ ਹੈ** – ਕਿ ਅਸੀਂ ਇੱਕ ਚੰਗੇ ਨਮੂਨੇ ਦੇ ਰੂਪ ਵਿੱਚ ਇੱਕ ਧਰਮੀ ਜੀਵਨ ਗੁਜ਼ਾਰੀਏ ਅਤੇ ਦੂਸਰਿਆਂ ਨੂੰ ਗਵਾਹੀ ਦੇਈਏ ਅਤੇ ਜਿਸ ਨੂੰ ਉਹ ਪਿਆਰ ਕਰਦਾ ਹੈ, ਪਿਆਰ ਕਰੀਏ – ਲੋਕ।

## ਉਸ ਦੇ ਰਾਜਦੂਤਾਂ ਦੇ ਰੂਪ ਵਿੱਚ **ਉਸ ਦੇ ਕੰਮ** ਨੂੰ ਪੂਰਾ ਕਰਨਾ **ਉਸ ਨੂੰ ਪ੍ਰਸੰਨ ਕਰਦਾ ਹੈ।**

ਪਰਮੇਸ਼ੁਰ ਨੇ ਪਹਿਲਾਂ ਅਬਰਾਹਾਮ ਅਤੇ ਆਪਣੀ ਪਰਜਾ ਇਸਰਾਏਲ ਨੂੰ ਚੁਣਿਆ ਕਿ ਉਹ ਕੌਮਾਂ ਵਿੱਚ ਗਵਾਹੀ ਦੇਵੇ ਅਤੇ ਖੁਸ਼ਖ਼ਬਰੀ ਦੇ ਅਦਭੁੱਤ ਸੰਦੇਸ਼ ਨੂੰ ਸਾਰੇ ਲੋਕਾਂ ਤੱਕ ਲੈ ਕੇ ਜਾਵੇ। (ਗਲਾਤੀਆਂ 3:8)

ਅਬਰਾਹਾਮ ਕਸਦੀਆਂ ਦੇ ਊਰ ਵਿੱਚ ਬਹੁਤ ਹੀ **ਮੂਰਤੀਪੂਜਕਾਂ ਅਤੇ ਝੂਠੇ ਦੇਵਤਿਆਂ ਦੇ ਸੱਭਿਆਚਾਰ** ਵਿੱਚ ਰਹਿੰਦਾ ਸੀ (ਉਤਪਤ 11:28)। ਪਰਮੇਸ਼ੁਰ ਦਾ ਗਵਾਹ ਬਣਨ ਲਈ ਉਸ ਨੂੰ ਉਸ **ਸੱਭਿਆਚਾਰ ਵਿੱਚੋਂ ਬਾਹਰ ਬੁਲਾਇਆ ਗਿਆ ਜਿਸ ਦੇ ਵਿੱਚ ਉਹ ਰਹਿੰਦਾ ਸੀ**, ਤਾਂ ਕਿ ਉਹ ਪਰਮੇਸ਼ੁਰ ਦੇ **ਰਾਹਾਂ** ਨੂੰ ਸਿੱਖ ਸਕੇ ਜੋ ਉਸ ਨੂੰ **ਭਾਉਂਦੇ ਹਨ**।

ਪਰਮੇਸ਼ੁਰ ਨੇ ਹਰੇਕ ਵਿਸ਼ਵਾਸੀ ਨੂੰ ਉਸ ਸੱਭਿਆਚਾਰ ਵਿੱਚੋਂ ਬਾਹਰ ਬੁਲਾਇਆ ਹੈ ਜਿਸ ਦੇ ਵਿੱਚ ਉਹ ਰਹਿੰਦੇ ਸਨ।

- ਉਤਪਤ 12:1-4 ਤਦ ਯਹੋਵਾਹ ਨੇ ਅਬਰਾਮ ਨੂੰ ਆਖਿਆ ਤੂੰ ਆਪਣੇ ਦੇਸ **ਤੋਂ** ਅਰ ਆਪਣੇ ਸਾਕਾਂ ਤੋਂ ਅਰ ਆਪਣੇ ਪਿਤਾ ਦੇ ਘਰ ਤੋਂ ਉਸ ਦੇਸ ਨੂੰ ਜੋ ਮੈਂ ਤੈਨੂੰ ਵਿਖਾਵਾਂਗਾ ਨਿੱਕਲ **ਤੁਰ**। (2) ਅਤੇ ਮੈਂ ਤੈਨੂੰ ਇੱਕ ਵੱਡੀ ਕੌਮ ਬਣਾਵਾਂਗਾ ਅਰ **ਮੈਂ ਤੈਨੂੰ ਅਸੀਸ ਦਿਆਂਗਾ** ਅਰ ਮੈਂ **ਤੇਰਾ ਨਾਉਂ ਵੱਡਾ ਕਰਾਂਗਾ** (ਦੂਸਰਿਆਂ ਦੇ ਅੱਗੇ ਤੇਰੇ ਉੱਤੇ

> ਕਿਰਪਾ ਕਰਾਂਗਾ) **ਅਰ ਤੂੰ ਬਰਕਤ ਦਾ ਕਾਰਨ ਹੋ।** (3) **ਜੋ ਤੈਨੂੰ ਅਸੀਸ ਦਿੰਦੇ ਹਨ ਮੈਂ ਉਨ੍ਹਾਂ ਨੂੰ ਅਸੀਸ ਦਿਆਂਗਾ** (ਇਸਰਾਏਲ ਨੂੰ ਬਰਕਤ ਦੇਵੋ ਅਤੇ ਤੁਸੀਂ ਬਰਕਤ ਪਾਵੋਗੇ) ਅਤੇ ਜੋ ਤੈਨੂੰ ਤੁੱਛ ਜਾਣਦਾ ਹੈ ਮੈਂ ਉਹ ਨੂੰ ਸਰਾਪ ਦਿਆਂਗਾ ਅਤੇ ਤੇਰੇ ਕਾਰਨ ਸਰਿਸ਼ਟੀ ਦੇ ਸਾਰੇ **ਘਰਾਣੇ ਮੁਬਾਰਕ ਹੋਣਗੇ।** (ਇਹ ਉਸ ਦਾ ਮਕਸਦ ਸੀ: ਇੱਕ ਬਰਕਤ ਬਣਨ ਲਈ ਧੰਨ। ਅਤੇ ਯਿਸੂ ਮਸੀਹ ਅਬਰਾਹਾਮ ਦੇ ਲੋਕਾਂ ਤੋਂ ਆਇਆ, ਸਰਿਸ਼ਟ ਦੇ ਸਾਰੇ ਘਰਾਣਿਆਂ ਲਈ ਵੱਡੀ ਬਰਕਤ) (4) ਸੋ ਅਬਰਾਮ ਜਿਵੇਂ ਯਹੋਵਾਹ ਉਹ ਨੂੰ ਬੋਲਿਆ ਸੀ **ਚੱਲਿਆ**।

ਅਬਰਾਹਾਮ ਨੇ **ਆਗਿਆ ਮੰਨੀ** ਅਤੇ **ਝੂਠੇ ਸੱਭਿਆਚਾਰ** ਨੂੰ **ਛੱਡ ਦਿੱਤਾ**, ਅਤੇ **ਬਰਕਤਾਂ ਸ਼ੁਰੂ ਹੋ ਗਈਆਂ**:

- ਉਤਪਤ 13:2 ਅਬਰਾਮ ਡੰਗਰਾਂ ਅਰ ਸੋਨੇ ਚਾਂਦੀ ਵਿੱਚ **ਵੱਡਾ ਧਨ ਮਾਲ ਵਾਲਾ** ਸੀ।

**ਅਬਰਾਹਾਮ** ਨੇ ਉਦੋਂ ਵੀ ਉਸ ਦੇ ਹੁਕਮ ਦੀ ਪਾਲਣਾ ਕੀਤੀ ਜਦੋਂ ਉਹ ਇਸ ਨੂੰ ਸਮਝਦਾ ਵੀ ਨਹੀਂ ਸੀ ਅਤੇ ਉਸ ਨੂੰ **ਵੱਡੀ ਬਰਕਤ ਪ੍ਰਾਪਤ ਹੋਈ**। ਜਿੰਨੀ ਜ਼ਿਆਦਾ ਉਸ ਨੇ ਆਗਿਆ ਮੰਨੀ-ਓਨੀ ਜ਼ਿਆਦਾ ਉਸ ਨੇ ਬਰਕਤ ਪ੍ਰਾਪਤ ਪਾਈ।

> ਉਤਪਤ 22:12, 16 ਉਸ ਆਖਿਆ, ਤੂੰ ਏਸ ਮੁੰਡੇ ਨੂੰ ਹੱਥ ਨਾ ਲਾ ਅਤੇ ਨਾ ਹੀ ਉਸ ਨਾਲ ਕੁਝ ਕਰ। **ਹੁਣ ਮੈਂ ਜਾਣ ਗਿਆ ਹਾਂ ਕਿ ਤੂੰ ਪਰਮੇਸ਼ੁਰ ਤੋਂ ਭੈ ਖਾਂਦਾ ਹੈਂ** ਕਿਉਂ ਜੋ ਤੈਂ ਆਪਣੇ ਪੁੱਤਰ, ਹਾਂ ਆਪਣੇ ਇਕਲੌਤੇ ਪੁੱਤਰ ਦਾ ਵੀ **ਸਰਫਾ** ਨਹੀਂ ਕੀਤਾ। (16) ਅਤੇ ਆਖਿਆ . . . ਕਿਉਂਜੋ ਤੈਂ ਇਹ ਕੰਮ ਕੀਤਾ ਅਤੇ ਆਪਣੇ ਪੁੱਤਰ ਸਗੋਂ ਆਪਣੇ ਇਕਲੌਤੇ ਦਾ ਵੀ **ਸਰਫਾ** ਨਹੀਂ ਕੀਤਾ, **ਸੋ ਮੈਂ ਤੈਨੂੰ ਬਰਕਤਾਂ ਤੇ ਬਰਕਤਾਂ ਦਿਆਂਗਾ**।

ਮੈਂ ਤੁਹਾਨੂੰ ਉਤਸ਼ਾਹਿਤ ਕਰਦਾ ਹਾਂ – ਉਸ ਤੋਂ ਕੁਝ ਵੀ ਨਾ ਲੁਕਾਓ।

ਪਹਿਲਾ ਅਤੇ ਸਭ ਤੋਂ ਵਧਕੇ ਜਿਸ ਦਾ ਅਰਥ ਤੁਸੀਂ ਆਪ ਹੋ।

**ਤੁਸੀਂ ਤਾਂ ਮੁੱਲ ਨਾਲ ਲਏ ਹੋਏ ਹੋ** (1 ਕੁਰਿੰਥੀਆਂ 6:20) **ਅਮੋਲਕ ਲਹੂ ਨਾਲ ਨਿਸਤਾਰਾ ਪਾਇਆ** (1 ਪਤਰਸ 1:18)

"**ਅਬਰਾਹਾਮ ਦੇ ਵੰਸ਼**" (ਰੋਮੀਆਂ 4:11-12) ਵਾਂਗ ਉਹ "***ਤੁਹਾਨੂੰ ਵੀ ਬਰਕਤ ਦੇਵੇਗਾ*** *ਤਾਂ ਕਿ ਤੁਸੀਂ ਬਰਕਤ ਬਣ ਸਕੋ*", **ਜਦੋਂ ਤੁਸੀਂ ਸੰਸਾਰ ਦੇ ਸੱਭਿਆਚਾਰ ਦੇ ਵਿੱਚੋਂ ਬਾਹਰ ਆਉਣ** ਲਈ ਉਸ ਦੀ ਬੁਲਾਹਟ ਵੱਲ ਪ੍ਰਤੀਕਿਰਿਆ ਕਰਦੇ ਹੋ ਅਤੇ ਇਸ ਦੀ ਆਗਿਆਕਾਰੀ ਕਰਦੇ ਹੋ। ਜਿਸ ਦੇਸ ਵਿੱਚ ਉਹ ਤੁਹਾਨੂੰ ਲੈ ਕੇ ਜਾਵੇਗਾ ਉਹ ਪਰਮੇਸ਼ੁਰ ਦਾ ਰਾਜ ਹੈ। ਜਦੋਂ ਅਸੀਂ ਰਾਜ ਦੇ ਰਾਹਾਂ ਦੇ ਅਨੁਸਾਰ ਚੱਲਦੇ ਹਾਂ ਤਾਂ ਬਰਕਤਾਂ ਬਹੁਤਾਇਤ ਨਾਲ ਵਹਿੰਦੀਆਂ ਹਨ।

ਪਰ, ਜਿਵੇਂ ਸਮਾਂ ਬੀਤਦਾ ਗਿਆ, ਅਬਰਾਹਾਮ ਤੋਂ ਨਿੱਕਲੀ ਕੌਮ ਉਸ ਦੇ ਅੱਗੇ ਅਤੇ ਉਸ ਲਈ ਉਸ ਰਾਹ ਉੱਤੇ ਨਹੀਂ ਚੱਲੀ ਜੋ ਉਸ ਨੂੰ ਪ੍ਰਸੰਨ ਕਰਦਾ ਸੀ। ਅਤੇ ਪਰਮੇਸ਼ੁਰ ਦੇ ਲੋਕਾਂ ਨੇ ਆਪਣੇ ਆਪ ਨੂੰ **ਗਰੀਬੀ ਦੇ ਵਿੱਚ ਗੁਲਾਮ ਅਤੇ ਝੂਠੇ ਸੱਭਿਆਚਾਰ ਦੇ ਬੰਧਨ ਵਿੱਚ ਪਾਇਆ**, ਮਿਸਰ।

- ਤੁਸੀਂ ਇਸ ਨੂੰ ਆਪਣੇ ਨਾਲ ਨਾ ਹੋਣ ਦਿਓ।

ਪਰਮੇਸ਼ੁਰ ਨੇ ਉਨ੍ਹਾਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਉਸ ਸੱਭਿਆਚਾਰ ਦੇ ਵਿੱਚੋਂ ਬਾਹਰ ਕੱਢਿਆ ਤਾਂ ਕਿ **ਉਨ੍ਹਾਂ ਨੂੰ** ਆਪਣੇ ਰਾਹ **ਸਿਖਾਵੇ** ਅਤੇ **ਉਨ੍ਹਾਂ ਨੂੰ ਬਰਕਤ ਦੇਵੇ**, ਉਨ੍ਹਾਂ ਨੂੰ ਕੌਮਾਂ ਦੇ ਵਿੱਚ ਆਪਣੇ ਗਵਾਹ ਬਣਾਉਣ ਦੁਆਰਾ। ਪਰ, ਉਨ੍ਹਾਂ ਨੇ ਵਿਦਰੋਹ ਕੀਤਾ ਅਤੇ ਸੰਸਾਰ ਦੀ ਪ੍ਰਣਾਲੀ ਦੇ ਸੱਭਿਆਚਾਰ ਵਿੱਚ ਵਾਪਸ ਜਾਣਾ ਚਾਹਿਆ, ਜਿਸ ਨੂੰ ਉਹ ਜਾਣਦੇ ਸਨ।

1 ਕੁਰਿੰਥੀਆਂ 10:1-11 ਪਰੰਤੂ ਪਰਮੇਸ਼ੁਰ ਓਹਨਾਂ ਵਿੱਚੋਂ ਬਾਹਲਿਆਂ ਨਾਲ **ਪਰਸੰਨ ਨਹੀਂ ਸੀ** ਸੋ ਓਹ ਉਜਾੜ ਵਿੱਚ
ਢਹਿ ਪਏ। (6) ਅਤੇ ਏਹ ਗੱਲਾਂ **ਸਾਡੇ ਲਈ ਨਸੀਹਤ** ਬਣੀਆਂ ਭਈ ਅਸੀਂ **ਮਾੜੀਆਂ ਗੱਲਾਂ ਦੀਆਂ ਕਾਮਨਾਂ** ਨਾ ਕਰੀਏ
ਜਿਵੇਂ ਓਹਨਾਂ ਨੇ ਕਾਮਨਾਂ ਕੀਤੀਆਂ ਸਨ। (7) ਅਤੇ ਨਾ ਤੁਸੀਂ **ਮੂਰਤੀ ਪੂਜਕ** ਹੋਵੋ ਜਿਵੇਂ ਓਹਨਾਂ ਵਿੱਚੋਂ ਕਈਕੁ ਹੋਏ
ਸਨ। ਜਿਸ ਪਰਕਾਰ ਲਿਖਿਆ ਹੋਇਆ ਹੈ ਜੋ ਓਹ ਲੋਕ **ਖਾਣ ਪੀਣ** ਬੈਠੇ ਅਤੇ **ਹੱਸਣ ਖੇਡਣ** ਨੂੰ ਉੱਠੇ। (8) ਅਤੇ ਨਾ
ਅਸੀਂ **ਹਰਾਮਕਾਰੀ** ਕਰੀਏ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਕੀਤੀ ਅਤੇ ਇੱਕੋ ਦਿਨ ਵਿੱਚ ਤੇਈ ਹਜ਼ਾਰ ਜਣਿਆਂ ਦੇ
ਸੱਥਰ ਲੱਥੇ। (9) ਅਤੇ ਨਾ ਅਸੀਂ **ਪ੍ਰਭੂ ਨੂੰ ਪਰਤਾਈਏ** ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਪਰਤਾਇਆ ਸੀ ਅਤੇ ਸੱਪਾਂ ਤੋਂ
ਨਾਸ ਹੋਏ। (10) ਅਤੇ ਨਾ ਤੁਸੀਂ **ਬੁੜ ਬੁੜ** ਕਰੋ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਬੁੜ ਬੁੜ ਕੀਤੀ ਅਤੇ ਨਾਸ ਕਰਨ
ਵਾਲੇ ਤੋਂ ਨਾਸ ਹੋਏ। (11) ਸੋ **ਏਹ ਗੱਲਾਂ ਓਹਨਾਂ ਉੱਤੇ ਨਸੀਹਤ ਦੇ ਲਈ ਹੋਈਆਂ** ਅਤੇ ਸਾਨੂੰ **ਮੱਤ ਦੇਣ ਲਈ ਲਿਖੀਆਂ
ਹੋਈਆਂ** ਹਨ ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ। (12) ਗੱਲ ਕਾਹਦੀ ਜੋ ਕੋਈ **ਆਪਣੇ ਆਪ ਨੂੰ ਖਲੋਤਾ
ਹੋਇਆ ਸਮਝਦਾ ਹੈ** ਸੋ ਸੁਚੇਤ ਰਹੇ ਭਈ ਕਿਤੇ ਡਿੱਗ ਨਾ ਪਵੇ। (13) ਤੁਹਾਡੇ ਉੱਤੇ ਇਹੋ ਜਿਹਾ ਕੋਈ ਪਰਤਾਵਾ ਨਹੀਂ
ਪਿਆ ਜੋ ਮਨੁੱਖ ਤੋਂ ਨਹੀਂ ਝੱਲਿਆ ਜਾਂਦਾ ਪਰੰਤੂ ਪਰਮੇਸ਼ਰ ਵਫ਼ਾਦਾਰ ਹੈ ਜੋ ਤੁਹਾਡੀ ਸ਼ਕਤੀਓਂ ਬਾਹਰ ਤੁਹਾਨੂੰ ਪਰਤਾਵੇ
ਵਿੱਚ **ਨਹੀਂ** ਪੈਣ **ਦੇਵੇਗਾ** ਸਗੋਂ ਪਰਤਾਵੇ ਦੇ ਨਾਲ ਹੀ **ਬਚ ਜਾਣ ਦਾ ਉਪਾਓ ਵੀ ਕੱਢ ਦੇਵੇਗਾ** ਭਈ **ਤੁਸੀਂ ਝੱਲ ਸੱਕੋ।**

- ਇਹ ਬੰਦ ਅਤੇ ਪੁਰਾਣੇ ਨੇਮ ਦੇ ਨਾਲ ਨਵਾਂ ਨਾਮ ਸਾਡੇ ਲਈ ਇਸ ਕਰਕੇ ਲਿਖੇ ਗਏ ਸਨ ਕਿ ਅਸੀਂ **ਉਨ੍ਹਾਂ ਦੀਆਂ ਗਲਤੀਆਂ ਤੋਂ** ਅਤੇ ਉਨ੍ਹਾਂ ਦੇ ਪਾਪਾਂ ਤੋਂ **ਸਿੱਖ ਸਕੀਏ**, ਨਾ ਕਿ ਆਪਣਿਆਂ ਤੋਂ।

- ਜੇਕਰ ਤੁਹਾਨੂੰ "ਪਰਮੇਸ਼ੁਰ ਦੇ ਅੱਗੇ ਉਸ ਨੂੰ ਭਾਉਂਦੇ ਹੋਏ ਹੋ ਕੇ ਚੱਲਣ" ਅਤੇ ਉਸ ਦੀਆਂ ਬਰਕਤਾਂ ਅਤੇ ਕਿਰਪਾ ਦੇ ਵਿੱਚ ਚੱਲਣ ਦੀ ਇੱਛਾ ਹੈ, ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਨਵੇਂ ਨੇਮ ਦੇ ਨਾਲ ਪੁਰਾਣੇ ਨੇਮ ਨੂੰ ਵੀ ਪੜ੍ਹੋ। ਮੈਂ ਤੁਹਾਨੂੰ ਦ੍ਰਿੜਤਾ ਨਾਲ ਉਤਸ਼ਾਹਿਤ ਕਰਦਾ ਹਾਂ ਕਿ ਤੁਸੀਂ ਸਾਲ ਵਿੱਚ ਜਾਂ ਇਸ ਤੋਂ ਘੱਟ ਸਮੇਂ ਵਿੱਚ ਬਾਈਬਲ ਨੂੰ ਉਤਪਤ ਤੋਂ ਲੈ ਕੇ ਪਰਕਾਸ਼ ਦੀ ਪੋਥੀ ਤੱਕ ਪੜ੍ਹੋ।

- ਇਸਰਾਏਲ ਦੀ ਕੌਮ ਮਿਸਰ ਦੀ ਗੁਲਾਮੀ ਦੇ ਵਿੱਚ 400 ਸਾਲ ਰਹੀ। ਉਹ **ਮਿਸਰ ਦੇ ਸੱਭਿਆਚਾਰ** ਵਿੱਚ ਲੀਨ ਸਨ ਅਤੇ ਇਹੋ ਸਭ ਸੀ ਜੋ ਉਹ ਜਾਣਦੇ ਸਨ। ਜਦੋਂ ਪਰਮੇਸ਼ੁਰ ਉਨ੍ਹਾਂ ਨੂੰ ਗੁਲਾਮੀ ਦੇ ਵਿੱਚੋਂ ਕੱਢ ਕੇ ਲੈ ਕੇ ਆਇਆ, **ਉਨ੍ਹਾਂ ਨੂੰ ਆਪਣੇ ਮਨਾਂ ਨੂੰ ਪਰਮੇਸ਼ੁਰ ਦੇ ਰਾਜ ਦੇ ਸੱਭਿਆਚਾਰ** ਅਤੇ ਪਰਮੇਸ਼ੁਰ ਦੇ ਰਾਹਾਂ ਦੇ ਲਈ, **ਨਵਾਂ ਕਰਨ** (ਰੋਮੀਆਂ 12:1) **ਦੀ ਜ਼ਰੂਰਤ ਸੀ**। **ਉਨ੍ਹਾਂ ਰਾਹਾਂ ਦੇ ਲਈ ਜੋ ਉਸ ਨੂੰ ਭਾਉਂਦੇ ਹਨ ਅਤੇ ਉਸ ਦੀ ਕਿਰਪਾ ਅਤੇ ਬਰਕਤਾਂ ਨੂੰ ਪ੍ਰਾਪਤ ਕਰਦੇ ਹਨ।**
- ਇਹ ਐਨਾ ਮਹੱਤਵਪੂਰਣ ਸੀ ਕਿ ਪਰਮੇਸ਼ੁਰ ਨੇ ਖੁਦ ਪੱਥਰ ਦੀਆਂ ਦਸ ਤੱਖਤੀਆਂ ਦੇ ਉੱਤੇ ਉਨ੍ਹਾਂ ਦੇ ਪਾਲਣਾ ਕਰਨ ਲਈ ਦਸ ਸਭ ਤੋਂ ਮਹੱਤਵਪੂਰਣ ਹੁਕਮ ਲਿਖੇ।

- ਇਹ ਤਸਵੀਰ ਸਾਡੇ ਲਈ ਅੱਜ ਸੱਚ ਹੈ। **ਅਸੀਂ ਵੀ ਸੰਸਾਰ ਦੀ ਪ੍ਰਣਾਲੀ ਦੇ ਸੱਭਿਆਚਾਰ** ਵਿੱਚ ਵੱਡੇ ਹੋਏ ਹਾਂ ਅਤੇ ਰਹਿੰਦੇ ਹਾਂ ਅਤੇ ਸਾਡੇ ਮਨ ਸੰਸਾਰ ਦੇ ਰਾਹਾਂ ਦੇ ਲਈ ਤਿਆਰ ਕੀਤੇ ਹੋਏ ਹਨ ਜਿਨ੍ਹਾਂ ਨੂੰ ਅਸੀਂ ਸਧਾਰਣ ਅਤੇ ਸਹੀ ਮੰਨ ਕੇ ਸਵੀਕਾਰ ਕਰਦੇ ਹਾਂ। ਕੇਵਲ ਇੱਕ ਸਮੱਸਿਆ ਹੈ, **ਸੰਸਾਰ ਦੇ ਵੱਖ-ਵੱਖ ਸੱਭਿਆਚਾਰ ਸਾਰੇ** "*ਇਸ ਸੰਸਾਰ ਦੇ ਰਾਜਕੁਮਾਰ*", ਸ਼ਤਾਨ ਦੇ ਅਧੀਨ ਹਨ ਅਤੇ ਉਸ ਦੇ ਦੁਆਰਾ ਹਨ।

  - 1 ਯੂਹੰਨਾ 5:19 ਸਾਰਾ ਸੰਸਾਰ ਉਸ ਦੁਸ਼ਟ ਦੇ ਵੱਸ ਵਿੱਚ ਪਿਆ ਹੋਇਆ ਹੈ।

  - ਅਫਸੀਆਂ 2:1-4 ਉਹ ਨੇ ਤੁਹਾਨੂੰ ਵੀ ਜਾਂ ਤੁਸੀਂ ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ ਮੁਰਦੇ ਸਾਓ ਜਿਵਾਲਿਆ। (2) ਜਿਨ੍ਹਾਂ ਦੇ ਵਿੱਚ ਤੁਸੀਂ ਇਸ **ਸੰਸਾਰ ਦੇ ਵਿਹਾਰ** ਅਨੁਸਾਰ **ਹਵਾਈ ਇਖ਼ਤਿਆਰ ਦੇ ਸਰਦਾਰ** ਦੇ ਅਰਥਾਤ ਉਸ ਰੂਹ ਦੇ ਅਨੁਸਾਰ ਅੱਗੇ **ਚੱਲਦੇ ਸਾਓ** ਜਿਹੜੀ ਹੁਣ ਅਣਆਗਿਆਕਾਰੀ ਦੇ ਪੁੱਤਰਾਂ ਵਿੱਚ ਅਸਰ ਕਰਦੀ ਹੈ (3) ਅਤੇ ਉਨ੍ਹਾਂ ਵਿੱਚ ਅਸੀਂ ਵੀ **ਸੱਭੇ** ਸਰੀਰ ਅਤੇ ਮਨ ਦੀਆਂ ਚਾਹਵਾਂ ਨੂੰ ਪੂਰੇ ਕਰਦਿਆਂ ਆਪਣੇ ਸਰੀਰ ਦੀਆਂ ਕਾਮਨਾਂ ਵਿੱਚ ਅੱਗੇ ਦਿਨ **ਕੱਟਦੇ ਸਾਂ** ਅਤੇ ਹੋਰਨਾਂ ਵਾਂਙੁ ਆਪਣੇ ਸੁਭਾਉ ਕਰਕੇ ਗਜ਼ਬ ਦੇ ਪੁੱਤਰ ਸਾਂ।

  - ਪਤਰਸ ਨੂੰ ਆਖੀਆਂ ਗਈਆਂ ਯਿਸੂ ਦੀਆਂ ਗੱਲਾਂ ਵਿਖਾਉਂਦੀਆਂ ਹਨ ਕਿ ਇਸ ਸੰਸਾਰ ਦੀ ਸੋਚ ਦਾ ਜ਼ਿਆਦਾਤਰ ਹਿੱਸਾ ਸ਼ਤਾਨ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੈ।

    ਮੱਤੀ 16:23 ਪਰ ਉਹ ਨੇ ਮੁੜ ਕੇ ਪਤਰਸ ਨੂੰ ਆਖਿਆ, ਹੇ ਸ਼ਤਾਨ ਮੈਥੋਂ ਪਿੱਛੇ ਹਟ! ਤੂੰ ਮੇਰੇ ਲਈ ਠੋਕਰ ਹੈਂ ਕਿਉਂ ਜੋ **ਤੂੰ ਪਰਮੇਸ਼ੁਰ ਦੀਆਂ ਨਹੀਂ ਪਰ ਮਨੁੱਖਾਂ ਦੀਆਂ ਗੱਲਾਂ ਦਾ ਧਿਆਨ ਰੱਖਦਾ ਹੈਂ।**

    ਪਤਰਸ ਕਹਿ ਰਿਹਾ ਸੀ – ਦੂਸਰਿਆਂ ਲਈ ਆਪਣੇ ਜੀਵਨ ਨੂੰ ਨਾ ਦੇ ਜਾਂ ਦੁੱਖ ਨਾ ਝੱਲ। ਉਸ ਦੀ ਸੋਚ ਸੁਆਰਥੀ ਸੀ – ਆਪਣੇ ਆਪ ਨੂੰ ਬਚਾ ਦੂਸਰਿਆਂ ਨੂੰ ਨਹੀਂ।

    ਮੱਤੀ 16:24-25 ਤਦ ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਤਾਂ **ਆਪਣੇ ਆਪ ਦਾ ਇਨਕਾਰ ਕਰੇ** ਅਤੇ **ਆਪਣੀ ਸਲੀਬ** ਚੁੱਕ ਕੇ **ਮੇਰੇ ਪਿੱਛੇ ਚੱਲੇ।**[25] ਕਿਉਂਕਿ ਜਿਹੜਾ **ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆ ਦੇਵੇਗਾ** ਪਰ **ਜਿਹੜਾ ਮੇਰੇ ਲਈ ਆਪਣੀ ਜਾਨ ਗੁਆਏ ਉਹ ਉਸ ਨੂੰ ਲੱਭ ਲਵੇਗਾ।**

- ਜਿੰਨਾ ਚਿਰ ਅਸੀਂ "**ਸੰਸਾਰ ਦੇ ਰਾਹਾਂ**" ਦੇ ਅਨੁਸਾਰ ਰਹਿੰਦੇ ਹਾਂ ਅਤੇ ਇਨ੍ਹਾਂ ਨੂੰ ਸਵੀਕਾਰ ਕਰਦੇ ਹਾਂ ਅਸੀਂ **ਸ਼ਤਾਨ** ਅਤੇ ਉਸ ਦੇ ਮਕਸਦ ਨੂੰ **ਇੱਕ ਦਰਵਾਜ਼ਾ ਖੋਲ੍ਹਦੇ ਹਾਂ** ਕਿ ਉਹ ਜਿਸ ਢੰਗ ਨਾਲ ਵੀ ਕਰ ਸਕਦਾ ਹੈ "ਮਾਰੇ, ਚੁਰਾਵੇ ਅਤੇ ਨਾਸ ਕਰੇ" (ਯੂਹੰਨਾ 10:10)। ਅਤੇ **ਅਸੀਂ** ਆਪਣੇ ਜੀਵਨ ਦੇ ਵਿੱਚ ਪਰਮੇਸ਼ੁਰ ਦੀਆਂ **ਪੂਰੀਆਂ ਬਰਕਤਾਂ ਦੀ ਕਮੀ** ਮਹਿਸੂਸ ਕਰਦੇ ਹਾਂ।

- ਜਿਵੇਂ ਟਰੋਜ਼ਨਸ ਦੇ ਨਾਲ ਧੋਖਾ ਕੀਤਾ ਗਿਆ ਸੀ ਅਤੇ "ਟਰੋਜ਼ਨ ਘੋੜੇ" ਨੂੰ ਯੂਨਾਨੀ ਯੋਧਿਆਂ ਨਾਲ ਭਰੇ ਉਨ੍ਹਾਂ ਦੇ ਸ਼ਹਿਰ ਵਿੱਚ ਧੱਕਿਆ ਸੀ, ਇਸ ਤਰ੍ਹਾਂ ਲੱਗਦਾ ਹੈ ਕਿ ਬਹੁਤ ਸਾਰੇ ਵਿਸ਼ਵਾਸੀਆਂ ਨੇ ਵੀ ਇਹੋ ਕੀਤਾ ਹੈ। ਬਿਲਕੁਲ ਆਪਣੇ ਵਿਚਕਾਰ ਯੋਧਿਆਂ ਨੂੰ ਅਤੇ ਇਸ ਸੰਸਾਰ ਦੀ ਪ੍ਰਣਾਲੀ ਦੇ ਭੂਤਾਂ ਨੂੰ ਲਿਆਉਣ ਦੇ ਦੁਆਰਾ। ਸੰਸਾਰ ਦੇ ਰਾਹਾਂ ਨੂੰ ਸਵੀਕਾਰ ਕਰਨ ਦੇ ਦੁਆਰਾ ਆਪਣੇ, ਘਰ ਵਿੱਚ।

- ਜਿਵੇਂ ਯਿਸੂ ਨੇ ਸ਼ਤਾਨ ਨੂੰ ਪਰਤਾਇਆ ਉਹ **ਤੁਹਾਨੂੰ ਵੀ ਪਰਤਾਏਗਾ**। ਪਰ ਜਿੰਨਾ ਚਿਰ ਸਾਡੇ **ਮਨ** "ਸੰਸਾਰ ਦੇ ਰਾਹਾਂ" ਲਈ **ਤਿਆਰ ਹਨ ਉਹ ਸਾਨੂੰ ਨਹੀਂ ਪਰਤਾਏਗਾ**, ਜਦੋਂ ਅਸੀਂ ਅੰਨ੍ਹਿਆਂ ਵਾਂਗ ਉਸ ਦੇ "ਖੁੱਲ੍ਹੇ" ਅਤੇ ਅਸਾਨ ਰਾਹ ਉੱਤੇ ਬਾਕੀ ਹਰੇਕ ਨਾਲ ਦੁੱਖ, ਦਰਦ, ਦਿਲ ਦੇ ਦਰਦ, ਮੁਸ਼ਕਿਲਾਂ, ਗਰੀਬੀ ਅਤੇ ਸਾਰੀ ਕਿਸਮ ਦੀਆਂ ਸਮੱਸਿਆਵਾਂ ਲਈ ਚੱਲਦੇ ਹਾਂ।

- ਯਿਸੂ ਨੇ ਕਿਹਾ: ਭੀੜੇ ਫਾਟਕ ਤੋਂ ਵੜੋ ਕਿਉਂ ਜੋ **ਮੋਕਲਾ ਹੈ ਉਹ ਫਾਟਕ ਅਤੇ ਖੁੱਲ੍ਹਾ ਹੈ ਉਹ ਰਾਹ ਜਿਹੜਾ ਨਾਸ ਨੂੰ ਜਾਂਦਾ ਹੈ** ਅਰ ਬਹੁਤੇ ਹਨ ਜਿਹੜੇ ਉਸ ਤੋਂ ਜਾਂਦੇ ਹਨ। (14) ਅਤੇ ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜੀਉਣ ਨੂੰ ਜਾਂਦਾ ਹੈ ਅਤੇ **ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ**। (ਮੱਤੀ 7:13-14)

- ਯਾਦ ਰੱਖੋ, ਯਿਸੂ ਨੇ ਸ਼ਤਾਨ ਦੇ **ਹਰੇਕ ਪਰਤਾਵੇ ਦਾ ਉੱਤਰ** ਇੱਕ ਆਇਤ ਦਾ ਹਵਾਲਾ ਦੇਣ ਦੇ ਨਾਲ **ਦਿੱਤਾ** ਜੋ ਕਿ ਜੋ ਸ਼ਤਾਨ ਦੀ **ਇਸ ਸੰਸਾਰ ਦੇ ਰਾਹਾਂ ਦੀ ਸਧਾਰਣ ਸੋਚ** ਦੀ **ਤਰਕਸ਼ੀਲ** ਪੇਸ਼ਕਸ਼ ਦੇ ਵਿਰੋਧ ਵਿੱਚ ਸੀ। ਸਾਨੂੰ ਵੀ ਇਸ ਯੋਗਤਾ ਦੀ ਪਰਤਾਵੇ ਦੇ ਸਮੇਂ ਵਿੱਚ ਸਾਡੀ ਅਗਵਾਈ ਕਰਨ ਲਈ ਲੋੜ ਹੈ।

- ਯਿਸੂ "ਸਵਰਗ ਦੇ ਰਾਜ ਦੇ ਰਾਹਾਂ" ਅਨੁਸਾਰ ਰਿਹਾ ਅਤੇ **ਸਾਨੂੰ ਵੀ ਇਹੋ ਕਰਨਾ ਚਾਹੀਦਾ ਹੈ** ਜੇ ਅਸੀਂ "ਪਰਮੇਸ਼ੁਰ ਨੂੰ ਪ੍ਰਸੰਨ" ਕਰਨਾ ਚਾਹੁੰਦੇ ਹਾਂ ਅਤੇ ਇੱਕ ਧੰਨ ਅਤੇ ਖੁਸ਼ਹਾਲ ਜੀਵਨ ਜੀਉਣਾ ਚਾਹੁੰਦੇ ਹਾਂ।

- ਜੇਕਰ ਅਸੀਂ ਉਸ ਨੂੰ ਪ੍ਰਸੰਨ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ **ਆਪਣੇ ਮਨਾਂ ਨੂੰ ਸਵਰਗ ਦੇ ਰਾਜ ਦੇ ਸੱਭਿਆਚਾਰ** ਲਈ **ਨਵਾਂ ਕਰਨ ਦੀ ਸਖ਼ਤ ਲੋੜ ਹੈ**।

- 2 ਕੁਰਿੰਥੀਆਂ 6:13-18 . . . ਮੈਂ ਤਾਂ ਤੁਹਾਨੂੰ **ਬੱਚਿਆਂ** ਵਾਂਙੁ ਆਖਦਾ ਹਾਂ। (14) ਤੁਸੀਂ ਬੇਪਰਤੀਤਿਆਂ **ਨਾਲ** ਅਣਸਾਵੇਂ **ਨਾ ਜੁੱਤੋ** ਕਿਉਂ ਜੋ ਧਰਮ ਅਤੇ ਕੁਧਰਮ ਵਿੱਚ **ਕੀ ਸਾਂਝ** ਹੈ? ਯਾ ਚਾਨਣ ਦਾ ਅਨ੍ਹੇਰੇ ਨਾਲ **ਕੀ ਮੇਲ** ਹੈ? (15) ਅਤੇ ਮਸੀਹ ਦਾ ਬਲਿਆਲ ਦੇ ਨਾਲ ਕੀ **ਮਿਲਾਪ** ਹੈ (ਜਦੋਂ ਵਿਸ਼ਵਾਸੀ ਸੰਸਾਰ ਦੇ ਰਾਹ ਉੱਤੇ ਚੱਲਦਾ ਹੈ ਤਾਂ ਕੋਈ ਸ਼ਾਂਤੀ ਨਹੀਂ ਹੋਵੇਗੀ) ਅਥਵਾ ਪਰਤੀਤਵਾਨ ਦਾ ਬੇਪਰਤੀਤੇ ਨਾਲ ਕੀ **ਹਿੱਸਾ** ਹੈ? (16) ਅਤੇ ਪਰਮੇਸ਼ੁਰ ਦੀ ਹੈਕਲ ਨੂੰ ਮੂਰਤੀਆਂ ਨਾਲ ਕੀ **ਵਾਸਤਾ** ਹੈ? **ਅਸੀਂ ਤਾਂ ਜੀਉਂਦੇ ਪਰਮੇਸ਼ੁਰ ਦੀ ਹੈਕਲ ਹਾਂ** (ਅਤੇ ਹੈਕਲ ਅਰਾਧਨਾ ਕਰਨ ਅਤੇ ਗਵਾਹੀ ਦੇਣ ਲਈ ਬਣਾਈ ਜਾਂਦੀ ਹੈ) ਜਿਵੇਂ ਪਰਮੇਸ਼ੁਰ ਨੇ ਬਚਨ ਕੀਤਾ-**ਮੈਂ** ਓਹਨਾਂ ਵਿੱਚ ਵਾਸ ਕਰਾਂਗਾ ਅਤੇ ਫਿਰਿਆ ਕਰਾਂਗਾ, ਮੈਂ ਓਹਨਾਂ ਦਾ ਪਰਮੇਸ਼ੁਰ ਹੋਵਾਂਗਾ, ਅਤੇ ਓਹ ਮੇਰੀ ਪਰਜਾ ਹੋਣਗੇ (ਕੂਚ 29:45 ਲੇਵੀਆਂ 26:12)। (17) ਇਸ ਲਈ ਉਨ੍ਹਾਂ ਵਿੱਚੋਂ **ਨਿੱਕਲ ਆਓ**, ਅਤੇ **ਅੱਡ** ਹੋਵੋ, ਪ੍ਰਭੂ ਆਖਦਾ ਹੈ, ਅਤੇ ਕਿਸੇ

ਭ੍ਰਿਸ਼ਟ ਵਸਤ ਨੂੰ **ਹੱਥ ਨਾ ਲਾਓ**, (ਯਸਾਯਾਹ 52:10-11) **ਮੈਂ ਤੁਹਾਨੂੰ ਕਬੂਲ ਕਰ ਲਵਾਂਗਾ**, (18) ਅਰ ਤੁਹਾਡਾ ਪਿਤਾ ਹੋਵਾਂਗਾ ਅਤੇ ਤੁਸੀਂ ਮੇਰੇ **ਪੁੱਤਰ ਧੀਆਂ** ਹੋਣੋਗੇ। ਇਹ ਬਚਨ ਸਰਬ ਸ਼ਕਤੀਮਾਨ ਪ੍ਰਭੂ ਦਾ ਹੈ।

  - ਸਾਨੂੰ ਸੰਸਾਰ ਦੇ ਪੁੱਤਰ ਅਤੇ ਧੀਆਂ ਵਾਂਗ ਕੰਮ **ਨਹੀਂ ਕਰਨਾ ਚਾਹੀਦਾ ਪਰ** ਸਾਡੇ ਸਵਰਗੀ ਪਿਤਾ ਅਤੇ ਯਿਸੂ ਮਸੀਹ ਦੇ ਪੁੱਤਰ ਅਤੇ ਧੀਆਂ ਵਾਂਗ ਕੰਮ ਕਰਨਾ ਚਾਹੀਦਾ ਹੈ।

- 2 ਕੁਰਿੰਥੀਆਂ 7:1 ਸੋ ਹੇ ਪਿਆਰਿਓ, ਜਦੋਂ **ਏਹ ਬਚਨ ਸਾਨੂੰ ਦਿੱਤੇ ਹੋਏ ਹਨ** ਤਾਂ ਆਓ, ਅਸੀਂ **ਆਪਣੇ ਆਪ ਨੂੰ** ਸਰੀਰ ਅਤੇ ਆਤਮਾ ਦੀ **ਸਾਰੀ ਮਲੀਨਤਾਈ** ਤੋਂ **ਸ਼ੁੱਧ ਕਰਕੇ ਪਰਮੇਸ਼ੁਰ ਦੇ ਭੌ ਨਾਲ ਪਵਿੱਤਰਤਾਈ** (ਨੈਤਿਕ ਸ਼ੁੱਧਤਾ) **ਨੂੰ ਸੰਪੂਰਨ ਕਰੀਏ**।

- ਅਤੇ ਜਿਵੇਂ ਯਿਰਮਿਯਾਹ ਨੇ ਕਿਹਾ: **ਤੁਸੀਂ ਕੌਮਾਂ ਦੀ ਚਾਲ ਨਾ ਸਿੱਖੋ** . . . (3) ਉੱਮਤਾਂ ਦੀਆਂ **ਬਿਧੀਆਂ** ਤਾਂ ਫੋਕੀਆਂ ਹਨ (ਅਯੋਗ, ਖਾਲੀ, ਵਿਅਰਥ)। ਯਿਰਮਿਯਾਹ 10:1-3

ਲੇਵੀਆਂ ਦੀ ਪੋਥੀ 18:1-4 ਫੇਰ ਯਹੋਵਾਹ ਮੂਸਾ ਨਾਲ ਬੋਲਿਆ ਕਿ (2) ਇਸਰਾਏਲੀਆਂ ਨਾਲ ਗੱਲ ਕਰ ਕੇ ਆਖ, ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ। (3) ਮਿਸਰ ਦੇ **ਦੇਸ ਦੇ ਕਰਤੱਬ ਦੇ ਅਨੁਸਾਰ ਜਿਸ ਦੇ ਵਿੱਚ ਤੁਸੀਂ ਵਸਦੇ ਸੀ ਤੁਸਾਂ ਨਾ ਕਰਨਾ**, ਅਤੇ **ਕਨਾਨ** ਦੇ ਦੇਸ ਦੇ ਕਰਤੱਬ ਦੇ ਅਨੁਸਾਰ ਜਿੱਥੇ ਮੈਂ ਤੁਹਾਨੂੰ ਲਿਆਉਂਦਾ ਹਾਂ ਤੁਸਾਂ ਨਾ ਕਰਨਾ, **ਨਾ ਤੁਸਾਂ ਉਨ੍ਹਾਂ ਦੀਆਂ ਰੀਤਾਂ ਵਿੱਚ ਚੱਲਨਾ**। (4) **ਤੁਸਾਂ** ਮੇਰਿਆਂ ਨਿਆਵਾਂ ਨੂੰ **ਕਰਨਾ** ਅਤੇ **ਉਨ੍ਹਾਂ ਦੇ ਵਿੱਚ ਤੁਰਨ ਲਈ** ਮੇਰੀਆਂ ਰੀਤਾਂ ਨੂੰ ਧਿਆਨ **ਰੱਖਣਾ**, ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ।

**ਲੇਵੀਆ ਦੀ ਪੋਥੀ** 18:6-30 ਵਿੱਚ ਪਰਮੇਸ਼ੁਰ ਸਾਰੇ ਕਿਸਮ ਦੇ **ਸਰੀਰਕ ਸੰਬੰਧਾ ਸਬੰਧੀ ਘਿਣਾਉਣੇ** ਕੰਮਾਂ ਦੇ ਬਾਰੇ ਸਪੱਸ਼ਟ ਵੇਰਵਿਆਂ ਨਾਲ ਗੱਲ ਕਰਦਾ ਹੈ, ਜਿੰਨਾ ਕੰਮਾਂ ਦੀ ਮਨਾਹੀ ਹੈ। ਤੁਹਾਨੂੰ ਇਸ ਬੰਦ ਨੂੰ ਪੜ੍ਹਣਾ ਚਾਹੀਦਾ ਹੈ। ਆਖ਼ਰੀ ਆਇਤਾਂ ਇਹ ਹਨ:

ਲੇਵੀਆਂ ਦੀ ਪੋਥੀ 18:24-30 **ਤੁਸਾਂ ਇਨ੍ਹਾਂ ਗੱਲਾਂ ਵਿੱਚ ਆਪਣੇ ਆਪ ਨੂੰ ਕਿਸੇ** ਨਾਲ **ਅਸ਼ੁੱਧ ਨਾ ਕਰਨਾ** ਕਿਉਂ ਜੋ ਇਨ੍ਹਾਂ ਸਭਨਾਂ ਗੱਲਾਂ ਵਿੱਚ ਉਹ **ਜਾਤਾਂ** ਜੋ ਮੈਂ ਤੁਹਾਡੇ ਅੱਗੇ ਕੱਢਦਾ ਹਾਂ **ਅਸ਼ੁੱਧ ਹੋਈਆਂ ਹਨ**। (25) ਅਤੇ **ਧਰਤੀ ਭੀ ਅਸ਼ੁੱਧ ਹੋਈ ਹੈ**, ਏਸ ਲਈ **ਮੈਂ ਉਸ ਦੀ ਬਦੀ ਦਾ ਵੱਟਾ ਉਸ ਤੋਂ ਲੈਂਦਾ ਹਾਂ** ਅਤੇ ਧਰਤੀ ਭੀ ਆਪਣੇ ਵਾਸੀਆਂ ਨੂੰ ਉਗਲਾਛ ਦਿੰਦੀ ਹੈ।

(26) ਸੋ **ਤੁਸੀਂ ਮੇਰੀਆਂ ਬਿਧਾਂ ਅਤੇ ਮੇਰਿਆਂ ਨਿਆਵਾਂ ਨੂੰ ਧਿਆਨ ਰੱਖਣਾ** ਅਤੇ **ਇਨ੍ਹਾਂ ਮਾੜੀਆਂ ਗੱਲਾਂ ਵਿੱਚੋਂ ਕੋਈ ਨਾ ਕਰਨੀ** . . . (28) **ਜੋ ਧਰਤੀ ਤੁਹਾਡੀ ਅਸ਼ੁੱਧਤਾਈ ਦੇ ਵੇਲੇ ਤੁਹਾਨੂੰ ਭੀ ਉਗਲਾਛ ਨਾ ਦੇਵੇ** ਜਿੱਕੁਰ ਉਸ ਨੇ ਜੋ ਤੁਹਾਥੋਂ ਪਹਿਲੇ ਸਨ ਉਨ੍ਹਾਂ ਜਾਤਾਂ ਨੂੰ ਉਗਲਾਛ ਦਿੱਤਾ।

- ਸਦੀਆਂ ਤੋਂ ਹਰਾਮਕਾਰੀ ਦੇ ਕਾਰਨ ਕੌਮ ਤੋਂ ਬਾਅਦ ਕੌਮ ਡਿੱਗੀਆਂ ਹਨ।

- ਮੈਂ ਇੱਕ ਮਨੁੱਖ ਨੂੰ ਆਖਦੇ ਹੋਏ ਸੁਣਿਆ: "*ਜੋ ਇੱਕ ਪੀੜ੍ਹੀ ਸੰਜਮਤਾ ਦੇ ਨਾਲ ਸਵੀਕਾਰ ਕਰਦੀ ਹੈ, ਅਗਲੀ ਪੀੜ੍ਹੀ ਉਸ ਨੂੰ ਅਧਿਕਤਾ ਦੇ ਨਾਲ ਗ੍ਰਹਿਣ ਕਰਦੀ ਹੈ*"। ਬਿੱਲ ਗੋਥਾਰਡ

- ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਇਹੋ ਹੈ ਜੋ ਅਮਰੀਕਾ ਦੇ ਵਿੱਚ ਅੱਜ ਹੋ ਰਿਹਾ ਹੈ।

(29) ਕਿਉਂ ਜੋ ਇਨ੍ਹਾਂ **ਮਾੜੀਆਂ ਗੱਲਾਂ** ਵਿੱਚ ਜਿਹੜਾ ਕੁਝ ਕਰੇ ਤਾਂ ਓਹ ਪ੍ਰਾਣੀ ਜੋ ਕਰਨ ਸੋ ਆਪਣੇ ਲੋਕਾਂ ਵਿੱਚੋਂ **ਛੇਕੇ ਜਾਣ।**

- **ਇਹ ਘਿਣਾਉਣੇ ਕੰਮ ਦੀ ਗੰਭੀਰਤਾ ਨੂੰ ਪਰਗਟ ਕਰਦਾ ਹੈ**। "ਲੋਕਾਂ ਵਿੱਚੋਂ" ਛੇਕੇ ਜਾਣ, **ਪਰਮੇਸ਼ੁਰ ਤੋਂ ਨਹੀਂ**। ਉਹ ਅੱਗੇ ਤੋਂ ਪਰਮੇਸ਼ੁਰ ਦੇ ਲੋਕਾਂ ਦੇ ਵਿਚਕਾਰ ਨਾ ਰਹਿਣ **ਕਿਉਂਕਿ** ਉਹ ਅੱਗੇ ਤੋਂ ਧਾਰਮਿਕਤਾ ਦੇ ਗਵਾਹ ਨਹੀਂ ਹਨ ਸਗੋਂ ਪਰਮੇਸ਼ੁਰ ਕੌਣ ਹੈ ਇਸ ਦੇ ਬਾਰੇ ਝੂਠੇ ਅਤੇ ਗਲਤ ਗਵਾਹ ਹਨ। ਜੋ ਮਸੀਹੀ ਇਸ ਤਰ੍ਹਾਂ ਰਹਿੰਦੇ ਹਨ ਉਨ੍ਹਾਂ ਨੂੰ ਸੰਸਾਰ ਇਹ ਆਖ ਕੇ ਪੁਕਾਰਦਾ ਹੈ: **ਕਪਟੀ।**

    - ਨਵੇਂ ਨੇਮ ਵਿੱਚ ਇਸ ਦੀ ਉਦਾਹਰਣ 1 ਕੁਰਿੰਥੀਆਂ 5:1-13 ਹੈ।

(18:30) ਇਸ ਲਈ **ਤੁਸਾਂ ਮੇਰੇ ਹੁਕਮਾਂ ਨੂੰ ਮੰਨਣਾ** ਜੋ ਤੁਸਾਂ ਇਨ੍ਹਾਂ ਮਾੜੀਆਂ ਰੀਤਾਂ ਵਿੱਚੋਂ, ਜੋ ਤੁਹਾਡੇ ਅੱਗੋਂ ਕੀਤੀਆਂ ਗਈਆਂ ਹਨ **ਨਾ ਕਰਨੀਆਂ** ਅਤੇ **ਆਪਣੇ ਆਪ** ਨੂੰ ਉਨ੍ਹਾਂ ਦੇ ਨਾਲ **ਅਸ਼ੁੱਧ** ਨਾ ਕਰਨਾ। ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ।

**ਲੇਵੀਆਂ ਦੀ ਪੋਥੀ** 19 ਕੁਝ ਬਹੁਤ ਮਹੱਤਵਪੂਰਣ ਮਸਲਿਆ ਬਾਰੇ ਗੱਲ ਕਰਦਾ ਹੈ ਜਿਨ੍ਹਾਂ ਦੇ ਬਾਰੇ ਪਰਮੇਸ਼ੁਰ ਨੇ ਉਦੋਂ ਗੱਲ ਕੀਤੀ ਜਦੋਂ ਉਹ ਪਹਿਲਾਂ ਮਿਸਰ ਤੋਂ ਬਾਹਰ ਆਏ, ਜੇਕਰ ਅਸੀਂ ਪਰਮੇਸ਼ੁਰ ਦੀ **ਕਿਰਪਾ** ਅਤੇ ਉਸ ਦੀਆਂ **ਬਰਕਤਾਂ ਚਾਹੁੰਦੇ ਹਾਂ** ਤਾਂ ਸਾਨੂੰ ਇਨ੍ਹਾਂ ਬਾਰੇ ਜਾਗਰੂਕ ਹੋਣਾ ਚਾਹੀਦਾ ਹੈ।

(1) ਤਾਂ ਯਹੋਵਾਹ ਮੂਸਾ ਨਾਲ ਬੋਲਿਆ ਕਿ (2) ਇਸਰਾਲੀਆਂ ਦੀ ਸਾਰੀ ਮੰਡਲੀ ਨੂੰ ਐਉਂ ਬੋਲ, **ਤੁਸੀਂ ਪਵਿੱਤਰ ਹੋਵੋ ਕਿਉਂ ਜੋ ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਪਵਿੱਤਰ ਹਾਂ।**

- ਪਵਿੱਤਰ ਹੋਣ ਦਾ ਅਰਥ ਹੈ: ਪਰਮੇਸ਼ੁਰ ਦੇ ਯੋਗ ਅਤੇ ਸੰਸਾਰ ਦੇ ਸੱਭਿਆਚਾਰ ਤੋਂ ਵੱਖ ਜੀਵਨ ਗੁਜ਼ਾਰਨਾ। ਉਸ ਦੇ ਰਾਜਦੂਤਾਂ ਵਾਂਗ।

(3) ਤੁਸਾਂ ਆਪੋ ਆਪਣੀ **ਮਾਂ ਅਤੇ ਆਪੋ ਆਪਣੇ ਪਿਉ ਤੋਂ ਡਰਨਾ**

(4) **ਨਾ ਆਪਣੇ ਲਈ ਢਾਲਵੀਆਂ ਮੂਰਤਾਂ ਬਣਾਉਣੀਆਂ।**

> ਕੁਲੁੱਸੀਆਂ 3:5 ਇਸ ਲਈ ਤੁਸੀਂ ਆਪਣੇ ਅੰਗਾਂ ਨੂੰ ਜੋ ਧਰਤੀ ਉੱਤੇ ਹਨ ਮਾਰ ਸੁੱਟੋ ਅਰਥਾਤ ਹਰਾਮਕਾਰੀ, ਗੰਦ ਮੰਦ, ਕਾਮਨਾ, ਬੁਰੀ ਇੱਛਿਆ ਅਤੇ **ਲੋਭ ਨੂੰ ਜਿਹੜਾ ਮੂਰਤੀ ਪੂਜਾ ਹੈ।**

(11) **ਤੁਸਾਂ ਚੋਰੀ ਨਾ ਕਰਨੀ**, ਨਾ **ਛਲ ਖੇਡਣਾ**, ਨਾ ਆਪਸ ਵਿੱਚ **ਝੂਠ** ਬੋਲਨਾਂ। (12) ਅਤੇ ਤੁਸਾਂ **ਮੇਰਾ ਨਾਮ ਲੈਕੇ ਝੂਠੀ ਸੌਂਹ** ਨਾ ਚੁੱਕਣੀ, ਨਾ ਆਪਣੇ ਪਰਮੇਸ਼ੁਰ ਦਾ ਨਾਮ ਬਦਨਾਮ ਕਰਨਾ। ਮੈਂ ਯਹੋਵਾਹ ਹਾਂ।

- ਅਸੀਂ ਉਸ ਦੀ ਅਤੇ ਉਸ ਦੇ ਨਾਮ ਦੀ ਨੁਮਾਇੰਦਗੀ ਕਰਦੇ ਹਾਂ। ਜਦੋਂ ਵੀ ਅਸੀਂ ਆਪਣੇ ਬਚਨ ਨੂੰ ਪੂਰਾ **ਨਹੀਂ ਕਰਦੇ** ਅਸੀਂ ਉਸ ਦੇ ਅਤੇ ਆਪਣੇ ਨਾਮ ਨੂੰ ਕਲੰਕ ਲਾਉਂਦੇ ਹਾਂ। ਅਤੇ ਅਸੀਂ ਉਸ ਦੇ ਗਵਾਹ ਬਣਨ ਦੀ ਆਪਣੀ ਬੁਲਾਹਟ ਵਿੱਚ ਅਤੇ ਆਪਣੇ ਮਿਸ਼ਨ ਵਿੱਚ ਅਸਫ਼ਲ ਹੋ ਜਾਂਦੇ ਹਾਂ। ਅਤੇ ਅਸੀਂ ਸ਼ਤਾਨ ਲਈ ਦਰਵਾਜ਼ਾ ਖੋਲ੍ਹਦੇ ਹਾਂ (ਅਫਸੀਆਂ 4:25-32)

(13) ਤੂੰ ਆਪਣੇ ਗਵਾਂਢੀ ਨਾਲ **ਛੱਲ** ਨਾ ਖੇਡੀਂ, ਨਾ ਤੂੰ ਉਸ ਤੋਂ ਕੁਝ **ਖੋਹਵੀ**। ਮਜੂਰ ਦੀ ਮਜੂਰੀ ਤੇਰੇ ਕੋਲ ਸਾਰੀ ਰਾਤ ਸਵੇਰ ਤੋੜੀ ਨਾ ਰਹੇ।

(14) ਤੂੰ **ਡੋਰੇ** ਨੂੰ **ਗਾਲਾਂ** ਨਾ ਕੱਢੀਂ, ਨਾ **ਅੰਨ੍ਹੇ ਨੂੰ ਠੋਕਰ** ਖਿਲਾਵੀਂ, ਪਰ ਆਪਣੇ ਪਰਮੇਸ਼ੁਰ ਤੋਂ **ਡਰੀਂ**। ਮੈਂ ਯਹੋਵਾਹ ਹਾਂ।

- "ਪਰਮੇਸ਼ੁਰ ਦਾ ਭੈ" ਮੰਨਣਾ ਗਹਿਰਾ, ਆਦਰਯੋਗ ਡਰ ਜਾਂ ਇੱਜ਼ਤ ਹੋਣਾ ਹੈ।

(15) ਤੁਸਾਂ **ਨਿਆਉਂ ਵਿੱਚ ਕੋਈ ਅਨਿਆਉਂ** ਨਾ ਕਰਨਾ, ਤੂੰ **ਕੰਗਾਲ ਦੀ ਰਈ** ਨਾ ਕਰੀਂ, ਨਾ **ਸਮਰੱਥੀ ਦਾ ਲਿਹਾਜ** ਕਰੀਂ, ਪਰ ਸਚਿਆਈ ਨਾਲ ਤੂੰ ਆਪਣੇ ਗਵਾਂਢੀ ਦਾ ਨਿਆਉ ਕਰੀਂ।

- ਜੇਕਰ ਕਦੇ ਨਿਆਂ ਨੂੰ ਮਰੋੜਿਆ ਗਿਆ ਸੀ, ਤਾਂ ਅਮੀਰਕਾ ਦੇ ਵਿੱਚ ਅੱਜ ਇਹੋ ਕੀਤਾ ਜਾ ਰਿਹਾ ਹੈ। ਇੱਥੋਂ ਤੱਕ ਕਿ ਸੰਵਿਧਾਨ ਦਾ ਅਰਥ ਵੀ ਮਰੋੜ ਦਿੱਤਾ ਗਿਆ ਹੈ।
- ਯੂਹੰਨਾ 7:24 **ਵਿਖਾਵੇ** ਦੇ ਅਨੁਸਾਰ ਨਿਆਉਂ ਨਾ ਕਰੋ ਪਰੰਤੂ **ਸੱਚਾ ਨਿਆਉਂ** ਕਰੋ।

(16) ਤੂੰ ਆਪਣੇ ਲੋਕਾਂ ਵਿੱਚ **ਘੁਸਮੁਸੀਆ** ਬਣ ਕੇ ਭਾਉਂਦਾ ਨਾ ਫਿਰੀਂ। **ਤੂੰ ਆਪਣੇ ਗਵਾਂਢੀ ਦੇ ਖ਼ੂਨ ਵਿੱਚ ਲੱਕ ਨਾ ਬੰਨ੍ਹੀਂ**। ਮੈਂ ਯਹੋਵਾਹ ਹਾਂ।

(17) **ਤੂੰ** ਆਪਣੇ ਭਰਾ ਨਾਲ **ਆਪਣੇ ਮਨ ਵਿੱਚ ਵੈਰ ਨਾ ਰੱਖੀਂ। ਤੂੰ ਜਰੂਰ ਆਪਣੇ ਗਵਾਂਢੀ ਨੂੰ ਤਾੜੀਂ, ਜੋ ਓਸ ਦਾ ਦੋਸ਼ ਤੇਰੇ ਜੁੰਮੇ ਨਾ ਹੋਵੇ।**

- 1 ਯੂਹੰਨਾ 2:9-11 ਉਹ ਜਿਹੜਾ ਆਖਦਾ ਹੈ ਭਈ ਮੈਂ ਚਾਨਣ ਵਿੱਚ ਹਾਂ ਅਤੇ ਆਪਣੇ **ਭਰਾ ਨਾਲ ਵੈਰ ਰੱਖਦਾ ਹੈ** ਸੋ ਅਜੇ ਤੀਕ **ਅਨੇਰੇ** ਵਿੱਚ ਹੀ ਹੈ। (10) ਉਹ ਜਿਹੜਾ ਆਪਣੇ ਭਰਾ ਨਾਲ ਪ੍ਰੇਮ ਰੱਖਦਾ ਹੈ ਸੋ ਚਾਨਣ ਵਿੱਚ ਰਹਿੰਦਾ ਹੈ ਅਤੇ ਉਸ ਵਿੱਚ ਠੋਕਰ ਦਾ ਕਾਰਨ ਨਹੀਂ। (11) ਪਰ ਉਹ ਜਿਹੜਾ ਆਪਣੇ ਭਰਾ ਨਾਲ ਵੈਰ ਰੱਖਦਾ ਹੈ ਸੋ ਅਨ੍ਹੇਰੇ ਵਿੱਚ ਹੈ ਅਤੇ ਅਨ੍ਹੇਰੇ ਵਿੱਚ ਤੁਰਦਾ ਹੈ ਅਤੇ ਨਹੀਂ ਜਾਣਦਾ ਭਈ ਮੈਂ ਕਿੱਧਰ ਨੂੰ ਚੱਲਿਆ ਜਾਂਦਾ ਹਾਂ ਇਸ ਲਈ ਜੋ ਅਨ੍ਹੇਰੇ ਨੇ ਉਹ ਦੀਆਂ ਅੱਖਾਂ ਅੰਨ੍ਹੀਆਂ ਕਰ ਦਿੱਤੀਆਂ ਹਨ !

- ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ ਕਿ "ਅਸੀਂ ਪ੍ਰੇਮ ਨਾਲ ਸੱਚ ਬੋਲੀਏ" (ਅਫਸੀਆਂ 4:15) ਅਤੇ ਉਨ੍ਹਾਂ ਦਾ ਵਿਰੋਧ ਕਰੀਏ ਜੋ ਗਲਤ ਅਤੇ ਪਾਪਮਈ ਫੈਸਲੇ ਲੈਂਦੇ ਹਨ।

- ਗਲਾਤੀਆਂ 6:1-2 ਜੇ ਕੋਈ ਮਨੁੱਖ ਕਿਸੇ ਅਪਰਾਧ ਵਿੱਚ ਫੜਿਆ ਵੀ ਜਾਵੇ ਤਾਂ ਤੁਸੀਂ ਜਿਹੜੇ ਆਤਮਕ ਹੋ ਅਜਿਹੇ ਮਨੁੱਖ ਨੂੰ **ਨਰਮਾਈ** ਦੇ ਸੁਭਾਉ ਨਾਲ **ਸੁਧਾਰੋ** ਅਤੇ ਤੂੰ ਆਪਣੇ ਆਪ ਵੱਲ ਧਿਆਨ ਰੱਖ ਮਤੇ ਤੂੰ ਵੀ ਪਰਤਾਵੇ ਵਿੱਚ ਪਵੇਂ।

ਫਿਰ ਤੋਂ ਲੇਵੀਆ 19 ਨੂੰ ਵੇਖੀਏ:

(18) ਤੂੰ **ਬਦਲਾ** ਨਾ ਲਵੀਂ, ਨਾ ਆਪਣੇ ਲੋਕਾਂ ਦੇ ਪਰਵਾਰ ਨਾਲ **ਵੈਰ ਰੱਖੀਂ**, ਪਰ ਤੂੰ ਆਪਣੇ ਗਵਾਂਢੀ ਨਾਲ ਆਪਣੇ ਜੇਹਾ **ਪਿਆਰ** ਕਰੀਂ। ਮੈਂ ਯਹੋਵਾਹ ਹਾਂ।

- 1 ਪਤਰਸ 3:9-12 ਬੁਰਿਆਈ ਦੇ **ਬਦਲੇ ਬੁਰਿਆਈ ਨਾ ਕਰੋ** ਅਤੇ ਗਾਲ ਦੇ ਬਦਲੇ ਗਾਲ ਨਾ ਕੱਢੋ ਸਗੋਂ ਉਲਟੇ **ਅਸੀਸ** ਦਿਓ ਕਿਉਂ ਜੋ **ਤੁਸੀਂ ਇਸੇ ਦੇ ਲਈ ਸੱਦੇ ਗਏ ਤਾਂ ਜੋ ਅਸੀਸ ਦੇ ਅਧਕਾਰੀ ਹੋਵੋ।** (10) ਕਿਉਂਕਿ,—**ਜਿਹੜਾ ਜੀਵਨ ਨਾਲ ਪ੍ਰੇਮ** ਰੱਖਣਾ, ਅਤੇ **ਭਲੇ ਦਿਨ** ਵੇਖਣੇ ਚਾਹੁੰਦਾ ਹੈ, ਉਹ ਆਪਣੀ ਜੀਭ ਨੂੰ ਬੁਰਿਆਈ ਤੋਂ, ਅਤੇ ਆਪਣੇ ਬੁੱਲ੍ਹਾਂ ਨੂੰ ਮਕਰ ਬੋਲਣ ਤੋਂ ਰੋਕ ਰੱਖੇ। (11) ਉਹ ਬਦੀ ਤੋਂ **ਹਟ ਜਾਵੇ** ਅਤੇ **ਨੇਕੀ ਕਰੇ**, **ਮਿਲਾਪ** ਨੂੰ **ਲੱਭੇ** ਅਤੇ ਉਹ ਦਾ ਪਿੱਛਾ ਕਰੇ। (12) ਕਿਉਂ ਜੋ **ਪ੍ਰਭੂ ਦੀਆਂ ਅੱਖੀਆਂ ਧਰਮੀਆਂ ਉੱਤੇ,** ਅਤੇ **ਉਹ ਦੇ ਕੰਨ ਉਨ੍ਹਾਂ ਦੀ ਦੁਹਾਈ ਵੱਲ ਹਨ**। ਪ੍ਰਭੂ ਦਾ ਮੂੰਹ ਕੁਕਰਮੀਆਂ ਦੇ ਵਿਰੁੱਧ ਹੈ। (ਜ਼ਬੂਰ 34:12-16)

(28) ਤੁਸਾਂ ਕਿਸੇ ਦੇ ਮਰਨ ਉੱਤੇ ਆਪਣਿਆਂ ਸਰੀਰਾਂ ਨੂੰ ਨਾ ਚੀਰਨਾ, **ਨਾ ਆਪਣੇ ਉੱਤੇ ਨਿਸ਼ਾਨੀਆਂ ਠੁਕਾਵੀਂ**। ਮੈਂ ਯਹੋਵਾਹ ਹਾਂ।

- ਇਸ ਤਰ੍ਹਾਂ ਦਾ ਚੀਰਿਆ ਜਾਣਾ ਅਤੇ ਨਿਸ਼ਾਨ ਝੂਠੇ ਪੰਥਾਂ ਨਾਲ ਸਬੰਧਿਤ ਹਨ। ਅਤੇ ਭਾਰਤ ਦੇ ਹਿੰਦੂ ਧਰਮ ਵਿੱਚ ਅਤੇ ਕਈ ਹੋਰ ਜਗ੍ਹਾ ਬਹੁਤ ਪਾਏ ਜਾਂਦੇ ਹਨ।

  1 ਕੁਰਿੰਥੀਆਂ 6:19-20 ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ **ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤਰ ਆਤਮਾ ਦੀ ਹੈਕਲ ਹੈ** ਜਿਹੜੀ ਤੁਹਾਨੂੰ ਪਰਮੇਸ਼ੁਰ ਦੀ ਵੱਲੋਂ ਮਿਲੀ ਹੈ ਅਤੇ **ਤੁਸੀਂ ਆਪਣੇ ਆਪ ਦੇ ਨਹੀਂ ਹੋ**? (20) ਤੁਸੀਂ ਤਾਂ **ਮੁੱਲ ਨਾਲ ਲਏ ਹੋਏ ਹੋ**, ਇਸ ਲਈ **ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ।**

ਲੇਵੀਆਂ ਦੀ ਪੋਥੀ 19:31 ਤੁਸੀਂ ਉਨ੍ਹਾਂ ਦੇ ਵੱਲ ਧਿਆਨ ਨਾ ਕਰੋ ਜਿਨ੍ਹਾਂ ਦੇ ਦੇਉ ਯਾਰ ਹਨ, ਨਾ ਜਾਦੂਗਰਾਂ ਦੇ ਮਗਰ ਲੱਗੋ ਜੋ ਉਨ੍ਹਾਂ ਨਾਲ ਭ੍ਰਿਸ਼ਟ ਨਾ ਹੋ ਜਾਓ। ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ।

ਲੇਵੀਆਂ ਦੀ ਪੋਥੀ 19:32 ਤੈਂ ਧਉਲੇ ਸਿਰ ਦੇ ਅੱਗੇ ਉਠਣਾ, ਬੁੱਢੇ ਦੇ ਮੂੰਹ ਦਾ ਆਦਰ ਕਰਨਾ ਅਤੇ ਆਪਣੇ ਪਰਮੇਸ਼ੁਰ ਤੋਂ ਡਰਨਾ। ਮੈਂ ਯਹੋਵਾਹ ਹਾਂ।

ਲੇਵੀਆਂ ਦੀ ਪੋਥੀ 20:23 **ਅਤੇ ਜਿਹੜੇ ਮੈਂ ਤੁਹਾਡੇ ਅੱਗੇ ਕੱਢਦਾ ਹਾਂ ਉਸ ਜਾਤ ਦੀਆਂ ਰੀਤਾਂ ਦੇ ਅਨੁਸਾਰ ਤੁਸਾਂ ਨਾ ਤੁਰਨਾ ਕਿਉਂ ਜੋ ਉਨ੍ਹਾਂ ਨੇ ਤਾਂ ਇਹ ਸੱਭੇ ਗੱਲਾਂ ਕੀਤੀਆਂ ਅਤੇ ਇਸ ਲਈ ਓਹ ਮੈਨੂੰ ਮਾੜੇ ਲੱਗੇ।**

ਲੇਵੀਆਂ ਦੀ ਪੋਥੀ 20:24-25 ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ ਜਿਸ ਨੇ **ਹੋਰਨਾਂ ਲੋਕਾਂ ਤੋਂ ਤੁਹਾਨੂੰ ਵੱਖਰੇ ਕੀਤਾ।** (25) ਸੋ ਤੁਸਾਂ ਸ਼ੁੱਧ ਅਤੇ ਅਸ਼ੁੱਧ ਪਸੂ ਦੇ ਵਿੱਚ ਅਤੇ ਅਸ਼ੁੱਧ ਅਤੇ ਸ਼ੁੱਧ ਪੰਛੀਆਂ ਦੇ ਵਿੱਚ **ਭੇਦ ਰੱਖਣਾ** ਅਤੇ ਤੁਸਾਂ ਪਸੂ ਯਾ ਪੰਛੀ, ਯਾ ਕਿਸੇ ਪ੍ਰਕਾਰ ਦੇ ਜੀਵ ਕਰਕੇ ਜੋ ਧਰਤੀ ਉੱਤੇ ਘਿਸਰਦਾ ਹੈ ਜੋ ਮੈਂ ਤੁਹਾਡੇ ਕੋਲੋਂ ਅਸ਼ੁੱਧ ਸਮਝ ਕੇ ਵੱਖਰਾ ਕੀਤਾ ਮਾੜੇ ਨਾ ਬਣਨਾ। (26) ਅਤੇ **ਤੁਸੀਂ ਮੇਰੇ ਅੱਗੇ ਪਵਿੱਤਰ ਹੋਵੋ** ਕਿਉਂ ਜੋ ਮੈਂ ਪਵਿੱਤਰ ਹਾਂ ਅਤੇ **ਆਪਣੇ ਬਣਾਉਣ ਲਈ ਮੈਂ ਤੁਹਾਨੂੰ ਹੋਰਨਾਂ ਲੋਕਾਂ ਤੋਂ ਵੱਖਰੇ ਕੀਤਾ।**

ਹਾਲੇਲੂਯਾਹ ! ਪ੍ਰਭੂ ਯਿਸੂ ਤੁਹਾਡਾ ਧੰਨਵਾਦ।

ਸਾਡੇ ਵਿੱਚੋਂ ਕਿਸੇ ਵੀ ਸੱਚੇ ਵਿਸ਼ਵਾਸੀ ਲਈ ਜਿਸ ਨੇ ਇਨ੍ਹਾਂ ਵਿੱਚੋਂ ਜਾਂ ਦੂਸਰੇ ਪਾਪਾਂ ਵਿੱਚੋਂ ਕੋਈ ਕੀਤਾ ਹੈ, **ਇਹ ਸਦੀਪਕ ਜੀਵਨ ਦਾ ਮਸਲਾ ਨਹੀਂ ਹੈ।** ਸਦੀਪਕ ਜੀਵਨ ਉਸ ਹਰੇਕ ਲਈ ਮੁਫ਼ਤ ਦਾਤ ਹੈ ਜੋ ਵਿਸ਼ਵਾਸ ਕਰਦਾ ਹੈ ਅਤੇ ਯਿਸੂ ਮਸੀਹ ਨੂੰ ਗ੍ਰਹਿਣ ਕਰਦਾ ਹੈ।

ਇਹ "**ਪਰਮੇਸ਼ੁਰ ਨੂੰ ਪ੍ਰਸੰਨ ਕਰਨ**" ਅਤੇ ਸ਼ਤਾਨ ਲਈ ਦਰਵਾਜ਼ਾ ਨਾ ਖੋਲ੍ਹਣ ਦਾ ਮਸਲਾ ਹੈ।

- ਰੋਮੀਆਂ 4:6-8 ਜਿਵੇਂ ਦਾਊਦ ਵੀ ਓਸ ਮਨੁੱਖ ਨੂੰ **ਧੰਨ** ਆਖਦਾ ਹੈ ਜਿਹ ਦੇ ਲਈ ਪਰਮੇਸ਼ੁਰ **ਕਰਨੀਆਂ ਬਾਝੋਂ ਧਰਮ ਗਿਣ ਲੈਂਦਾ ਹੈ** (7) **ਧੰਨ** ਓਹ ਜਿਨ੍ਹਾਂ ਦੇ ਅਪਰਾਧ **ਖਿਮਾ ਹੋ ਗਏ**, ਅਤੇ **ਜਿਨ੍ਹਾਂ ਦੇ ਪਾਪ ਢੱਕੇ ਹੋਏ ਹਨ।** (8) **ਧੰਨ** ਹੈ ਉਹ ਪੁਰਖ **ਜਿਹ ਦੇ ਲੇਖੇ ਵਿੱਚ ਪ੍ਰਭੂ ਪਾਪ ਨਾ ਗਿਣੇਗਾ।**

ਹਰੇਕ ਪਾਪ ਜੋ ਅਸੀਂ ਕੀਤਾ ਜਾਂ ਕੀਤੇ ਹਨ ਸਾਨੂੰ ਚਾਹੀਦਾ ਹੈ ਕਿ (1) ਅਸੀਂ ਉਸ ਨੂੰ ਕਰਨਾ **ਬੰਦ ਕਰੀਏ** ਅਤੇ **ਉਸ ਤੋਂ ਲਾਂਭੇ ਮੁੜੀਏ** ਅਤੇ (2) ਉਸ **ਪਾਪ** ਜਾਂ ਉਨ੍ਹਾਂ ਪਾਪਾਂ ਦਾ ਸਾਡੇ ਸਵਰਗੀ ਪਿਤਾ ਅਤੇ ਪ੍ਰਭੂ ਯਿਸੂ ਮਸੀਹ ਦੇ ਅੱਗੇ **ਅੰਗੀਕਾਰ ਕਰੀਏ**।

- 1 ਯੂਹੰਨਾ 1:9-10 ਜੇ ਅਸੀਂ **ਆਪਣਿਆਂ ਪਾਪਾਂ ਦਾ ਇਕਰਾਰ ਕਰੀਏ** ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ **ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ।** (10) ਜੇ ਆਖੀਏ ਭਈ ਅਸਾਂ ਪਾਪ ਨਹੀਂ ਕੀਤਾ ਹੈ ਤਾਂ ਉਹ ਨੂੰ ਝੂਠਾ ਬਣਾਉਂਦੇ ਹਾਂ ਅਤੇ ਉਹ ਦਾ ਬਚਨ ਸਾਡੇ ਵਿੱਚ ਨਹੀਂ ਹੈ।

---

ਬਹੁਤ ਸਾਰੇ ਬਚਨ ਹਨ ਜੋ **ਬਹੁਤ ਸਾਰੀਆਂ ਬਰਕਤਾਂ** ਬਾਰੇ ਗੱਲ ਕਰਦੇ ਹਨ ਜੋ ਉਸ ਵਿਅਕਤੀ ਕੋਲ ਆਉਂਦੀਆਂ ਹਨ **ਜੋ ਪਰਮੇਸ਼ੁਰ ਨੂੰ ਭਾਉਂਦੇ ਰਾਹ ਉੱਤੇ ਚੱਲਦਾ ਹੈ**।

ਇਬਰਾਨੀਆਂ 13:20-21 ਹੁਣ ਸ਼ਾਂਤੀ ਦਾਤਾ ਪਰਮੇਸ਼ੁਰ . . . ਸਾਡੇ ਪ੍ਰਭੂ ਯਿਸੂ (21) **ਤੁਹਾਨੂੰ ਹਰੇਕ ਭਲੇ ਕੰਮ ਵਿੱਚ ਸੰਪੂਰਨ ਕਰੇ ਭਈ ਤੁਸੀਂ ਉਹ ਦੀ ਇੱਛਿਆ ਨੂੰ ਪੂਰਿਆਂ ਕਰੋ ਅਤੇ ਜੋ ਕੁਝ ਉਹ ਨੂੰ ਭਾਉਂਦਾ ਹੈ** ਉਹੋ ਸਾਡੇ ਵਿੱਚ ਯਿਸੂ ਮਸੀਹ ਦੇ ਰਾਹੀਂ ਕਰੇ ਜਿਹ ਦੀ ਵਡਿਆਈ ਜੁੱਗੋ ਜੁੱਗ ਹੋਵੇ! ਆਮੀਨ।

1 ਯੂਹੰਨਾ 3:22 ਅਤੇ ਜੋ ਕੁਝ ਅਸੀਂ **ਮੰਗਦੇ ਹਾਂ** ਸੋ ਓਸ ਤੋਂ **ਸਾਨੂੰ ਮਿਲਦਾ ਹੈ ਕਿਉਂ ਜੋ ਉਹ ਦੇ ਹੁਕਮਾਂ ਦੀ ਪਾਲਨਾ ਕਰਦੇ ਹਾਂ ਅਤੇ ਉਹ ਕੰਮ ਕਰਦੇ ਹਾਂ ਜਿਹੜੇ ਉਹ ਨੂੰ ਭਾਉਂਦੇ ਹਨ।**

ਯਹੋਸ਼ੁਆ 1:7-9 ਤੂੰ ਨਿਰਾ **ਤਕੜਾ ਹੋ** ਅਤੇ **ਵੱਡਾ ਹੌਸਲਾ ਰੱਖ** ਤਾਂ ਜੋ ਤੂੰ ਉਸ ਸਾਰੀ ਬਿਵਸਥਾ ਅਨੁਸਾਰ ਜਿਸ ਦਾ ਮੇਰੇ ਦਾਸ ਮੂਸਾ ਨੇ ਤੈਨੂੰ ਹੁਕਮ ਦਿੱਤਾ ਹੈ ਪਾਲਨਾ ਕਰ ਕੇ **ਪੂਰਾ ਕਰੇਂ**, ਉਸ ਤੋਂ ਸੱਜੇ ਅਥਵਾ ਖੱਬੇ **ਨਾ ਮੁੜੇਂ ਤਾਂ ਜੋ ਤੂੰ ਜਿੱਥੇ ਜਾਵੇਂ ਤੇਰਾ ਬੋਲ ਬਾਲਾ ਹੋਵੇ।** (8) ਏਹ ਬਿਵਸਥਾ ਦੀ ਪੋਥੀ ਤੇਰੇ ਮੂੰਹ ਤੋਂ ਕਦੀ ਵੱਖਰੀ ਨਾ ਹੋਵੇ ਸਗੋਂ ਤੂੰ ਦਿਨ ਰਾਤ **ਉਸ ਉੱਤੇ ਧਿਆਨ ਰੱਖ ਤਾਂ ਜੋ** ਤੂੰ ਉਸ ਸਾਰੇ ਦੇ ਅਨੁਸਾਰ ਜੋ ਉਸ ਵਿੱਚ ਲਿਖਿਆ ਹੈ ਚੱਲੇਂ ਤੇ ਉਸ ਨੂੰ **ਪੂਰਾ ਕਰੇਂ ਤਾਂ ਤੂੰ ਆਪਣੇ ਮਾਰਗ ਨੂੰ ਸੁਫਲ ਬਣਾਵੇਂਗਾ ਅਤੇ ਤੇਰਾ ਬੋਲ ਬਾਲਾ ਹੋਵੇਗਾ।**

**ਅਬਰਾਹਾਮ ਦੀਆਂ ਬਰਕਤਾਂ**: ਬਿਵਸਥਾਸਾਰ 28 . . . (2) **ਜੇ** ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੀ ਅਵਾਜ਼ **ਸੁਣੋ** ਤਾਂ **ਏਹ ਸਾਰੀਆਂ ਅਸੀਸਾਂ** ਤੁਹਾਡੇ ਉੱਤੇ ਆਉਣਗੀਆਂ ਸਗੋਂ ਤੁਹਾਡੇ ਪਿੱਛੇ ਪੈ ਕੇ ਤੁਹਾਨੂੰ ਮਿਲਣਗੀਆਂ।

- ਅਬਰਾਹਾਮ ਦੀਆਂ **ਸਾਰੀਆਂ ਬਰਕਤਾਂ** ਇਸ ਦੀਆਂ ਵੀ ਹਨ ਜਿਹੜੀ ਅਬਰਾਹਾਮ ਜੇਹੀ ਨਿਹਚਾ ਰੱਖਦੀ ਹੈ, ਉਹ ਅਸਾਂ ਸਭਨਾਂ ਦਾ ਪਿਤਾ ਹੈ। (ਰੋਮੀਆਂ 4:16-17)

- ਬਿਵਸਥਾਸਾਰ 27:15-26 ਦੇ **ਸਰਾਪ** ਸਾਡੇ ਉੱਤੇ ਆਉਂਦੇ ਹਨ ਜਦੋਂ ਅਸੀਂ **ਇਸ ਸੰਸਾਰ ਦੇ ਰਾਹਾਂ** ਅਨੁਸਾਰ ਰਹਿਣ ਨੂੰ **ਪਹਿਲ ਦਿੰਦੇ ਹਾਂ** ਅਤੇ **ਫੈਸਲਾ ਕਰਦੇ ਹਾਂ**, ਇੱਕ ਸੱਭਿਆਚਾਰ ਜੋ "ਦੁਸ਼ਟ" ਦੁਆਰਾ "ਮਾਰਨ, ਚੁਰਾਉਣ ਅਤੇ ਨਾਸ ਕਰਨ" ਲਈ ਤਿਆਰ ਕੀਤਾ ਗਿਆ ਹੈ।

## ਇੱਕ ਜਵਾਨ ਆਦਮੀ ਹੁੰਦੇ ਹੋ ਜੋ ਮੂਸਾ ਨੇ ਕੀਤਾ ਉਹ ਸਾਨੂੰ ਵੀ ਕਰਨਾ ਚਾਹੀਦਾ ਹੈ:

ਇਬਰਾਨੀਆਂ 11:25-28 . . . ਪਾਪ ਦੇ ਭੋਗ ਬਿਲਾਸ ਨਾਲੋਂ ਜੋ **ਥੋੜੇ ਚਿਰ ਲਈ** ਹੈ ਪਰਮੇਸ਼ੁਰ ਦੀ ਪਰਜਾ ਨਾਲ ਜਬਰੀ ਝੱਲਣ ਨੂੰ ਬਾਹਲਾ **ਪਸੰਦ ਕੀਤਾ**। (26) ਅਤੇ ਉਹ ਨੇ ਵਿਚਾਰ ਕੀਤਾ ਭਈ **ਮਸੀਹ ਦੇ ਨਮਿੱਤ ਨਿੰਦਿਆ** (ਅਲੋਚਨਾ ਜਾਂ ਇਨਕਾਰ) **ਜਾਣਾ ਮਿਸਰ ਦੇ ਖ਼ਜ਼ਾਨਿਆਂ ਨਾਲੋਂ ਵੱਡਾ ਧਨ ਹੈ** ਕਿਉਂ ਜੋ **ਫਲ ਵੱਲ ਉਹ ਦਾ ਧਿਆਨ ਸੀ।** (27) **ਨਿਹਚਾ ਨਾਲ ਉਹ ਨੇ** ਪਾਤਸ਼ਾਹ (ਇੱਕ ਕਿਸਮ ਦਾ ਸ਼ਤਾਨ) ਦੇ ਕ੍ਰੋਧ ਤੋਂ ਭੈ ਨਾ ਕਰ ਕੇ **ਮਿਸਰ ਨੂੰ ਛੱਡ ਦਿੱਤਾ** (ਉਹ ਸੱਭਿਆਚਾਰ ਅਤੇ ਇਸ ਦੇ ਮਾਰਗ) ਕਿਉਂ ਜੋ ਉਹ ਅਲੱਖ ਨੂੰ ਜਾਣੀਦਾ ਲੱਖ ਕੇ **ਤਕੜਾ ਰਿਹਾ**।

## ਜਿਵੇਂ ਯਹੋਸ਼ੁਆ ਨੇ ਕੀਤਾ, ਸਾਨੂੰ ਵੀ ਇੱਕ ਫੈਸਲਾ ਲੈਣਾ ਚਾਹੀਦਾ ਹੈ:

ਅਤੇ ਜੇ ਤੁਹਾਡੀ ਨਿਗਾਹ ਵਿੱਚ ਯਹੋਵਾਹ ਦੀ ਉਪਾਸਨਾ ਬੁਰੀ ਹੈ ਤਾਂ **ਅੱਜ ਤੁਸੀਂ ਉਸ ਨੂੰ ਚੁਣ ਲਓ ਜਿਹ ਦੀ ਉਪਾਸਨਾ ਤੁਸੀਂ ਕਰੋਗੇ** ਭਾਵੇਂ ਓਹ ਦੇਵਤੇ ਜਿਨ੍ਹਾਂ ਦੀ ਤੁਹਾਡੇ ਪਿਉ ਦਾਦੇ ਜਦ ਓਹ ਦਰਿਆ ਪਾਰ ਸਨ ਉਪਾਸਨਾ ਕਰਦੇ ਸਨ, ਭਾਵੇਂ ਅਮੋਰੀਆਂ ਦੇ ਦੇਵਤਿਆਂ ਦੀ ਜਿਨ੍ਹਾਂ ਦੇ ਦੇਸ ਵਿੱਚ ਤੁਸੀਂ ਵੱਸਦੇ ਹੋ **ਪਰ ਮੈਂ ਅਤੇ ਮੇਰਾ ਘਰਾਣਾ ਤਾਂ ਯਹੋਵਾਹ ਹੀ ਦੀ ਉਪਾਸਨਾ ਕਰਾਂਗੇ।** ਯਹੋਸ਼ੁਆ 24:15

## ਜਿਵੇਂ ਅਬਰਾਹਾਮ ਨੇ ਕੀਤਾ ਸਾਨੂੰ ਓਵੇਂ ਕਰਨਾ ਚਾਹੀਦਾ ਹੈ:

ਇਬਰਾਨੀਆਂ 11:9-11 ਨਿਹਚਾ ਨਾਲ **ਉਹ ਵਾਇਦੇ ਵਾਲੀ ਧਰਤੀ ਵਿੱਚ ਜਾ ਵੱਸਿਆ** ਜਿਵੇਂ ਪਰਾਈ ਧਰਤੀ ਵਿੱਚ . . . (10) **ਕਿਉਂ ਜੋ ਉਹ ਉਸ ਨਗਰ ਦੀ ਉਡੀਕ ਕਰਦਾ ਸੀ** ਜਿਹ ਦੀਆਂ **ਨੀਹਾਂ** ਹਨ ਅਤੇ ਜਿਹ ਦਾ **ਕਾਰੀਗਰ ਅਤੇ ਬਣਾਉਣਾ ਵਾਲਾ ਪਰਮੇਸ਼ੁਰ ਹੈ।**

## ਇੱਕ ਪਰਦੇਸੀ ਸੱਭਿਆਚਾਰ ਵਿੱਚ ਰਹਿਣ ਦੇ ਬਾਰੇ ਜਿਵੇਂ ਸਾਡੀਆਂ ਉਦਾਹਰਣਾਂ ਹਨ:

ਇਬਰਾਨੀਆਂ 11:13-16 ਏਹ ਸੱਭੇ ਨਿਹਚਾ ਵਿੱਚ ਮਰ ਗਏ ਅਤੇ ਉਨ੍ਹਾਂ ਨੂੰ ਦਿੱਤੇ ਹੋਏ **ਬਚਨ** ਪਰਾਪਤ ਨਾ ਹੋਏ ਪਰ ਓਹ ਦੂਰੋਂ ਉਨ੍ਹਾਂ ਨੂੰ ਵੇਖ ਕੇ ਜੀ ਆਇਆਂ ਨੂੰ ਆਖਿਆ ਅਤੇ **ਮੰਨ ਲਿਆ ਭਈ ਅਸੀਂ ਧਰਤੀ ਉੱਤੇ ਓਪਰੇ ਅਤੇ ਪਰਦੇਸੀ ਹਾਂ।**

(14) ਕਿਉਂਕਿ **ਜਿਹੜੇ ਅਜੇਹੀਆਂ ਗੱਲਾਂ ਆਖਦੇ ਹਨ** ਓਹ ਪਰਗਟ ਕਰਦੇ ਹਨ **ਭਈ ਅਸੀਂ ਆਪਣੇ ਵਤਨ ਨੂੰ ਭਾਲਦੇ ਹਾਂ।** (15) ਅਤੇ ਜੇ ਉਸ ਦੇਸ ਨੂੰ ਜਿਸ ਤੋਂ ਨਿੱਕਲ ਆਏ ਸਨ ਚੇਤੇ ਰੱਖਦੇ ਤਾਂ ਉਨ੍ਹਾਂ ਨੂੰ ਮੁੜ ਜਾਣ ਦਾ ਵੇਲਾ ਹੁੰਦਾ। (ਜਿਵੇਂ ਵਿਸ਼ਵਾਸੀ ਅੱਜ ਕਰਦੇ ਹਨ) (16) ਪਰ ਹੁਣ **ਓਹ ਉਸ ਤੋਂ ਉੱਤਮ** ਅਰਥਾਤ **ਸੁਰਗੀ ਦੇਸ ਨੂੰ ਲੋਚਦੇ ਹਨ। ਇਸ ਕਾਰਨ ਪਰਮੇਸ਼ੁਰ ਉਨ੍ਹਾਂ ਦੀ ਵੱਲੋਂ ਨਹੀਂ ਸ਼ਰਮਾਉਂਦਾ ਜੋ ਉਨ੍ਹਾਂ ਦਾ ਪਰਮੇਸ਼ੁਰ ਕਹਾਵੇ ਕਿਉਂ ਜੋ ਉਹ ਨੇ ਉਨ੍ਹਾਂ ਲਈ ਇੱਕ ਨਗਰੀ ਤਿਆਰ ਕਰ ਛੱਡੀ ਹੈ।**

ਫਿਲਿੱਪੀਆਂ 3:17-20 ਹੇ ਭਰਾਵੋ, ਤੁਸੀਂ ਰਲ ਕੇ ਮੇਰੀ ਰੀਸ ਕਰੋ ਅਤੇ ਉਨ੍ਹਾਂ ਵੱਲ ਧਿਆਨ ਰੱਖੋ ਜੋ ਇਹੋ ਜਿਹੀ ਚਾਲ ਚੱਲਦੇ ਹਨ ਜਿਵੇਂ ਤੁਹਾਡੇ ਲਈ ਨਮੂਨੇ ਹਾਂ। (18) ਕਿਉਂਕਿ ਬਾਹਲੇ ਅਜਿਹੇ ਚੱਲਣ ਵਾਲੇ ਹਨ ਜਿਨ੍ਹਾਂ ਦੀ ਗੱਲ ਕਈ ਵਾਰ ਮੈਂ ਤੁਹਾਡੇ ਨਾਲ ਕੀਤੀ ਹੈ ਅਤੇ ਹੁਣ ਭੀ ਰੁਦਨ ਕਰ ਕੇ ਆਖਦਾ ਹਾਂ ਜੋ ਓਹ ਮਸੀਹ ਦੀ ਸਲੀਬ ਦੇ **ਵੈਰੀ** ਹਨ। (19) ਜਿਨ੍ਹਾਂ ਦਾ ਅੰਤ ਬਿਨਾਸ ਹੈ, ਜਿਨ੍ਹਾਂ ਦਾ ਈਸ਼ੁਰ ਢਿੱਡ ਹੈ, ਜਿਨ੍ਹਾਂ ਦਾ ਘੁਮੰਡ ਆਪਣੀ ਸ਼ਰਮ ਉੱਤੇ ਹੈ, ਜਿਨ੍ਹਾਂ ਦਾ ਮਨ ਪ੍ਰਿਥਵੀ ਦੀਆਂ ਵਸਤਾਂ ਉੱਤੇ ਲੱਗਿਆ ਹੋਇਆ ਹੈ। (20) ਕਿਉਂ ਜੋ **ਅਸੀਂ ਸੁਰਗ ਦੀ ਪਰਜਾ ਹਾਂ** ਜਿੱਥੋਂ **ਅਸੀਂ ਇੱਕ ਮੁਕਤੀ ਦਾਤੇ ਅਰਥਾਤ ਪ੍ਰਭੂ ਯਿਸੂ ਮਸੀਹ ਦੀ ਉਡੀਕ ਵੀ ਕਰਦੇ ਹਾਂ।**

ਇਸੇ ਲਈ ਅਸਾਂ ਇਹ **ਧਾਰਨਾ ਧਾਰੀ** . . . ਪਰ

## ਉਹ ਨੂੰ ਭਾਉਂਦੇ ਰਹੀਏ। (2 ਕੁਰਿੰਥੀਆਂ 5:9)

ਯਾਕੂਬ 1:22 ਪਰ **ਬਚਨ ਉੱਤੇ ਅਮਲ ਕਰਨ ਵਾਲੇ** ਹੋਵੋ ਅਤੇ ਆਪਣੇ ਆਪ ਨੂੰ ਧੋਖਾ ਦੇ ਕੇ ਨਿਰੇ ਸੁਣਨ ਵਾਲੇ ਹੀ ਨਾ ਹੋਵੋ . . . (25) ਪਰ ਜਿਹ ਨੇ ਪੂਰੀ ਸ਼ਰਾ ਨੂੰ ਅਰਥਾਤ ਅਜ਼ਾਦੀ ਦੀ ਸ਼ਰਾ ਨੂੰ ਗੌਹ ਨਾਲ ਵੇਖਿਆ ਅਤੇ ਵੇਖਦਾ ਰਹਿੰਦਾ ਹੈ . . . **ਸਗੋਂ ਕਰਮ ਦਾ ਕਰਤਾ ਹੋ ਕੇ ਆਪਣੇ ਕੰਮ ਵਿੱਚ ਧੰਨ ਹੋਵੇਗਾ।**

3 ਯੂਹੰਨਾ 2 ਪਿਆਰਿਆ, **ਮੈਂ** ਇਹ **ਪ੍ਰਾਰਥਨਾ ਕਰਦਾ ਹਾਂ** ਭਈ ਜਿਵੇਂ **ਤੇਰੀ ਜਾਨ ਸੁਖ ਸਾਂਦ ਨਾਲ** ਹੈ ਤਿਵੇਂ ਤੂੰ ਸਭਨੀਂ ਗੱਲੀਂ ਸੁਖ ਸਾਂਦ ਨਾਲ ਅਤੇ **ਨਰੋਆ ਰਹੇਂ**।